# ਮਿਨੀ ਕਹਾਣੀਆਂ



## ਸਵੇਰ ਦਾ ਭੁੱਲਿਆ...

ਰਮੇਸ਼ ਦਾ ਸੁਖਜਿੰਦਰ ਨਾਲ ਵਿਆਹ ਹੋਏ ਨੂੰ ਪੰਜ ਸਾਲ ਹੋ ਗਏ ਸਨ। ਇਹ ਪੰਜ ਸਾਲ ਰਮੇਸ਼ ਨੇ ਸੁਖਜਿੰਦਰ ਨਾਲ ਨਰਕ ਵਰਗੇ ਬਿਤਾਏ ਸਨ। ਇਸ ਦਾ ਕਾਰਨ ਇਹ ਸੀ ਕਿ ਸੁਖਜਿੰਦਰ ਸਹੁਰੇ ਘਰ ਦੀਆਂ ਸਾਰੀਆਂ ਗੱਲਾਂ ਅਪਣੀ ਮਾਂ ਨਾਲ ਸਾਂਝੀਆਂ ਕਰਦੀ ਰਹਿੰਦੀ ਸੀ। ਉਸ ਦੀ ਮਾਂ ਉਸ ਨੂੰ ਗ਼ਲਤ ਸਲਾਹਾਂ ਦਿੰਦੀ ਰਹਿੰਦੀ ਸੀ, ਜਿਨ੍ਹਾਂ ਨੂੰ ਉਹ ਮੰਨ ਕੇ ਘਰ ਵਿਚ ਕਲੇਸ਼ ਪਾਈ ਰੱਖਦੀ ਸੀ। ਪਰ ਪਿਛਲੇ ਇਕ ਮਹੀਨੇ ਤੋਂ ਰਮੇਸ਼ ਉਸ ਦੀ ਬੋਲ-ਚਾਲ ਤੇ ਵਰਤਾਉ ਵਿਚ ਹੈਰਾਨ ਕਰਨ ਵਾਲਾ ਪਰਿਵਰਤਨ ਦੇਖ ਰਿਹਾ ਸੀ। ਰਮੇਸ਼ ਨੂੰ ਇਹ ਪਤਾ ਨਹੀਂ ਸੀ ਲੱਗ ਰਿਹਾ ਕਿ ਉਸ ਵਿਚ ਇਹ ਪਰਿਵਰਤਨ ਕਿਵੇਂ ਆ ਗਿਆ?

ਅੱਜ ਜਦੋਂ ਸੁਖਜਿੰਦਰ ਦੀ ਮਾਂ ਦਾ ਫ਼ੋਨ ਆਇਆ, ਤਾਂ ਉਹ ਫ਼ੋਨ ਸੁਣਨ ਲਈ ਰਮੇਸ਼ ਕੋਲੋਂ ਉੱਠ ਕੇ ਨਹੀਂ ਗਈ, ਸਗੋਂ ਉਹ ਰਮੇਸ਼ ਕੋਲ ਬੈਠੀ ਹੀ ਮਾਂ ਦਾ ਫ਼ੋਨ ਸੁਣਨ ਲੱਗ ਪਈ, “ਹਾਂ ਮੰਮੀ, ਦੱਸ ਕੀ ਗੱਲ ਆ?”

“ਪੁੱਤ ਗੱਲ ਤਾਂ ਕੁੱਝ ਨ੍ਹੀ। ਮੈਂ ਤੇਰਾ ਹਾਲ ਪੁੱਛਣ ਲਈ ਫ਼ੋਨ ਕੀਤਾ ਆ।”

“ਮੰਮੀ ਮੈਂ ਅਪਣੇ ਘਰ ਠੀਕ-ਠਾਕ ਹਾਂ। ਜੇ ਮੈਨੂੰ ਕੁੱਝ ਹੋਇਆ, ਤਾਂ ਮੈਂ ਤੈਨੂੰ ਆਪੇ ਫ਼ੋਨ ਕਰ ਕੇ ਦੱਸ ਦਿਆਂਗੀ। ਤੂੰ ਮੈਨੂੰ ਬਹੁਤੇ ਫ਼ੋਨ ਨਾ ਕਰਿਆ ਕਰ। ਮਸੀਂ ਸਾਡੇ ਘਰ ’ਚ ਕਲੇਸ਼ ਨੂੰ ਠੱਲ੍ਹ ਪਈ ਆ। ਮੈਂ ਨ੍ਹੀ ਚਾਹੁੰਦੀ ਕਿ ਸਾਡੇ ਘਰ ’ਚ ਦੁਬਾਰਾ ਕਲੇਸ਼ ਪਏ।” ਏਨਾ ਕਹਿ ਕੇ ਸੁਖਜਿੰਦਰ ਨੇ ਫ਼ੋਨ ਕੱਟ ਦਿਤਾ। ਫਿਰ ਉਹ ਰਮੇਸ਼ ਨੂੰ ਮੁਖ਼ਾਤਬ ਹੋ ਕੇ ਬੋਲੀ, “ਰਮੇਸ਼ ਮੈਨੂੰ ਮਾਫ਼ ਕਰ ਦਈਂ। ਮੈਂ ਪੰਜ ਸਾਲ ਤੈਨੂੰ ਮੰਮੀ ਦੇ ਕਹੇ ਤੇ ਬਹੁਤ ਚੰਗਾ-ਮੰਦਾ ਬੋਲਿਆ ਆ। ਹੁਣ ਮੈਂ ਫ਼ੈਸਲਾ ਕੀਤਾ ਆ ਕਿ ਤੇਰੇ ਨਾਲ ਚੱਜ ਨਾਲ ਗੱਲ ਕਰਿਆ ਕਰਾਂਗੀ ਤੇ ਤੇਰਾ ਹਰ ਕਹਿਣਾ ਮੰਨਿਆ ਕਰਾਂਗੀ। ਕਿਸੇ ਤੀਜੇ ਬੰਦੇ ਨੂੰ ਅਪਣੇ ਘਰ ’ਚ ਦਖ਼ਲ ਨਹੀਂ ਦੇਣ ਦਿਆਂਗੀ।”

“ਸਵੇਰ ਦਾ ਭੁੱਲਿਆ ਜੇ ਸ਼ਾਮ ਨੂੰ ਘਰ ਆ ਜਾਵੇ, ਤਾਂ ਉਸ ਨੂੰ ਭੁੱਲਿਆ ਨਹੀਂ ਕਹਿੰਦੇ। ਸੁਖਜਿੰਦਰ ਤੂੰ ਸਹੀ ਸਮੇਂ ਤੇ ਸਹੀ ਫ਼ੈਸਲਾ ਕੀਤਾ ਹੈ। ਮੈਂ ਤੇਰੇ ਇਸ ਫ਼ੈਸਲੇ ਤੋਂ ਬਹੁਤ ਖ਼ੁਸ਼ ਹਾਂ।” ਰਮੇਸ਼ ਨੇ ਆਖਿਆ।

**ਮਹਿੰਦਰ ਸਿੰਘ ਮਾਨ(ਮੁੱਖ ਅਧਿਆਪਕ)** ਮੋ. 9915803554

## ਛਲਾਵਾ

ਨਾਂ ਤਾਂ ਉਸ ਦਾ ਭਾਵੇਂ ਗੁਰਮੇਲ ਸਿੰਘ ਸੀ ਪਰ ਪੈਸੇ ਵਲੋਂ ਤੰਗੀ ਤੁਰਸੀ ਹੋਣ ਕਰ ਕੇ ਲੋਕਾਂ ਨੇ ਉਸ ਦਾ ਨਾਮ ਗੇਲਾ ਹੀ ਪਕਾਅ ਛੱਡਿਆ ਸੀ। ਅੱਜ ਗੇਲਾ ਜਦੋਂ ਖੇਤੋਂ ਘਰੇ ਆਇਆ ਤਾਂ ਮੋਢੇ ਤੋਂ ਕਹੀ ਲਾਹ ਕੇ ਤੇ ਖਾਲ ਘੜਦਿਆਂ ਲੱਤਾਂ ਨੂੰ ਲੱਗੀ ਮਿੱਟੀ ਪੂੰਝਦਾ ਹੋਇਆ ਬੋਲਿਆ, “ਬੇਬੇ ਠੰਢ ਬਹੁਤ ਐ ਗੜਵੀ ਕੁ ਕਰੜੀ ਜੀ ਚਾਹ ਕਰਦੇ।” ਇਹ ਕਹਿੰਦਾ ਹੋਇਆ ਗੇਲਾ ਮੰਜੇ ਉੱਤੇ ਬੈਠ ਗਿਆ ਤੇ ਕਿਸੇ ਗਹਿਰੀ ਸੋਚ ਵਿਚ ਡੁੱਬ ਗਿਆ।

ਗੁਰਮੇਲ ਸਿੰਘ ਨੇ ਭਾਵੇਂ ਬੀ.ਏ ਕੀਤੀ ਹੋਈ ਸੀ ਪਰ ਨੌਕਰੀ ਨਾ ਮਿਲਣ ਕਰ ਕੇ ਖੇਤੀ ਕਰਨੀ ਮਜਬੂਰੀ ਸੀ। ਕੁੱਝ ਜ਼ਮੀਨ ਵੇਚ ਕੇ ਬਾਪੂ ਦੀ ਕੈਂਸਰ ਦੀ ਬੀਮਾਰੀ ਦਾ ਇਲਾਜ ਕਰਵਾਇਆ ਪਰ ਖ਼ਰਚਾ ਕਰਨ ਦੇ ਬਾਵਜੂਦ ਵੀ ਬਾਪੂ ਨੂੰ ਬਚਾ ਨਾ ਸਕਿਆ ਤੇ ਕੁੱਝ ਜ਼ਮੀਨ ਵੇਚ ਕੇ ਛੋਟੀ ਭੈਣ ਦਾ ਵਿਆਹ ਕਰ ਦਿਤਾ। ਹੁਣ ਸਿਰਫ਼ ਡੂਡ ਕਿੱਲਾ ਜ਼ਮੀਨ ਨਾਲ ਘਰ ਦਾ ਗੁਜ਼ਾਰਾ ਹੀ ਮਸਾਂ ਚਲਦਾ ਸੀ। ਇਨੀ ਕੁ ਆਮਦਨ ਨਾਲ ਤਾਂ ਘਰ ਦਾ ਲੂੰਣ ਤੇਲ ਹੀ ਮਸਾਂ ਚਲਦਾ ਹੈ ਤੇ ਬਾਕੀ ਦੀਆਂ ਲੋੜਾਂ ਕਿਵੇਂ ਪੂਰੀਆਂ ਹੋਣਗੀਆਂ? ਉਹ ਸੋਚ ਰਿਹਾ ਸੀ ਕਿ ਨੇਤਾਵਾਂ ਵਲੋਂ ਲਾਇਆ ‘ਜੈ ਜਵਾਨ ਜੈ ਕਿਸਾਨ’ ਦਾ ਨਾਹਰਾ ਝੂਠਾ ਤੇ ਛਲਾਵਾ ਹੈ, ਜਦ ਕਿ ਛੋਟੇ ਕਿਸਾਨ ਦਾ ਦੁੱਖ ਦਰਦ ਕੋਈ ਵੀ ਨਹੀਂ ਸਮਝਦਾ।

ਬੇਬੇ ਚਾਹ ਦੀ ਗੜਵੀ ਰੱਖਣ ਆਉਂਦੀ ਸੋਚ ਰਹੀ ਸੀ ਕਿ ਮੇਰਾ ਪੁੱਤ ਭਾਵੇਂ ਬੱਤੀਆਂ ਤੇਤੀਆਂ ਦਾ ਹੋ ਗਿਆ ਹੈ ਪਰ ਸਾਕ ਵਾਲਾ ਅੱਜ ਤਕ ਕੋਈ ਵੀ ਨੀਂ ਬਹੁੜਿਆ ਤੇ ਉਸ ਦੇ ਅੰਦਰ ਇਕ ਚੀਸ ਜਿਹੀ ਉੱਠੀ ਜਿਸ ਨੂੰ ਉਹ ਗੇਲੇ ਤੋਂ ਲੁਕੋ ਗਈ। ਬੇਬੇ ਚਾਹ ਦੀ ਗੜਵੀ ਰੱਖ ਗਈ ਤੇ ਗੇਲਾ ਅਪਣੀਆਂ ਸੋਚਾਂ ਤੋਂ ਬਾਹਰ ਨਿਕਲ ਕੇ ਡੱਬੀਆਂ ਵਾਲੇ ਪਰਨੇ ਨੂੰ ਸਿਰ ਤੋਂ ਲਾਹ ਕੇ ਮੱਥੇ ਤੇ ਆਇਆ ਮੁੜ੍ਹਕਾ ਪੂੰਝਣ ਲੱਗਾ।

**ਅਮਰਜੀਤ ਸਿੰਘ ਫ਼ੌਜੀ** (ਮੋ. 94174-04804)

## ਤਰਸ

ਚੌਂਕ ’ਚ ਪੁੱਜੀ ਬੱਸ ਦੇ ਚੱਕੇ ਅਜੇ ਪੂਰੀ ਤਰ੍ਹਾਂ ਰੁਕੇ ਵੀ ਨਹੀਂ ਸਨ ਕਿ ਅੱਖ ਦੇ ਫੋਰ ਨਾਲ ਬੱਸ ਔਰਤਾਂ ਨਾਲ ਨੱਕੋ-ਨੱਕ ਭਰ ਗਈ। ਵਿਚਕਾਰ ਫਸੇ ਮੁੜਕੋ-ਮੁੜਕੀ ਹੋਏ ਕੰਡਕਟਰ ਦੀ ਸੀਟੀ ਬੜੀ ਮੁਸ਼ਕਲ ਨਾਲ ਉਸ ਦੇ ਬੁੱਲ੍ਹਾਂ ਤਕ ਅੱਪੜੀ, ਪਰ ਲੰਮੀ ਸੀਟੀ ਮਾਰਨ ਦੇ ਬਾਵਜੂਦ ਵੀ ਜਦ ਡਰਾਈਵਰ ਨੇ ਬੱਸ ਨੂੰ ਰਤਾ ਕੁ ਰਫ਼ਤਾਰ ਦੇ ਕੇ ਮੁੜ ਰੋਕ ਲਿਆ, ਤਾਂ ਪਿੱਛੇ ਰਹਿ ਗਈਆਂ ਕੁੱਝ ਔਰਤਾਂ ਬੜੀ ਤੇਜ਼ੀ ਨਾਲ ਇਕ-ਦੂਜੀ ਨੂੰ ਪਿੱਛੇ ਛੱਡਦੀਆਂ ਬੱਸ ਵਲ ਉਲਰ ਪਈਆਂ, ਜਿੰਨ੍ਹਾਂ ਨੂੰ ਵੇਖ ਕੰਡਕਟਰ ਕਲਪਿਆ, “ਓ ਪਤੰਦਰਾ, ਹੁਣ ਤੋਰ ਵੀ ਲੈ ਇਹਨੂੰ, ਦੱਸ ਕਿਹੜੇ ਜਨਮ ਦਾ ਬਦਲਾ ਲੈ ਰਿਹੈ?”

“ਮੈਂ ਤਾਂ ਤੇਰਾ ਫ਼ਾਇਦਾ ਹੀ ਕਰ ਰਿਹਾ ਸੀ, ਓਹ ਵੇਖ ਸਾਹਮਣੇ ਇਕ ਸਵਾਰੀ ਮੇਰਾ ਮਤਲਬ ਬੰਦਾ ਸਵਾਰੀ ਭੱਜੀ ਆ ਰਹੀ ਹੈ, ਇਸ ਨੂੰ ਵੀ ਚੜ੍ਹਾ ਲੈਂਦੇ ਹਾਂ ਤੇਰੀ ਬੋਹਣੀ ਹੀ ਹੋ ਜਾਊ। ਤੜਕੇ ਦਾ ਖ਼ਾਲੀ ਝੋਲਾ ਖੜਕਾਉਂਦਾ ਫਿਰਦੈ। ਸੱਚੀਂ ਬੜਾ ਤਰਸ ਆ ਰਿਹੈ ਯਾਰ ਤੇਰੇ ’ਤੇ।” ਡਰਾਇਵਰ ਦੇ ਹਮਦਰਦੀ ਭਰੇ ਬੋਲਾਂ ਅੱਗੇ ਕੰਡਕਟਰ ਤਾਂ ਕੁੱਝ ਨਾ ਬੋਲਿਆ, ਪਰ ਸਾਰੀਆਂ ਔਰਤਾਂ ਕਹਿਰੀ ਨਜ਼ਰ ਨਾਲ ਡਰਾਇਵਰ ਨੂੰ ਵੇਖਣ ਲੱਗੀਆਂ।

ਨੀਲ ਕਮਲ ਰਾਣਾ (ਮੋ. 9815171874)

## ਹਾਥੀ ਅਤੇ ਚਿੜੀ (ਬਾਲ ਕਹਾਣੀ)

ਇਕ ਨਦੀ ਸੀ ਤੇ ਉਸ ਦੇ ਕਿਨਾਰੇ-ਕਿਨਾਰੇ ਬਹੁਤ ਵੱਡਾ ਵਿਸ਼ਾਲ ਘਣਾ ਹਰਾ-ਭਰਾ ਜੰਗਲ ਸੀ। ਜੰਗਲ ਵਿਚ ਬਹੁਤ ਸਾਰੇ ਪੰਛੀ ਅਤੇ ਭਾਂਤ-ਭਾਂਤ ਦੇ ਜੰਗਲੀ ਜਾਨਵਰ ਰਹਿੰਦੇ ਸਨ। ਉੱਥੇ ਹੀ ਇਕ ਦਰੱਖ਼ਤ ’ਤੇ ਇਕ ਚਿੜੀ ਰਹਿੰਦੀ ਸੀ। ਉਸ ਦੇ ਨੇੜੇ ਹੀ ਹਾਥੀ ਵੀ ਰਹਿੰਦਾ ਸੀ। ਦੋਵੇਂ ਬੜੇ ਚੰਗੇ ਸਨ। ਇਸ ਲਈ ਉਨ੍ਹਾਂ ਦੀ ਆਪਸ ਵਿਚ ਦੋਸਤੀ ਹੋ ਗਈ। ਚਿੜੀ ਅਕਸਰ ਹਾਥੀ ਦੀ ਪਿੱਠ ’ਤੇ ਬੈਠਦੀ। ਹਾਥੀ ਉਸ ਨੂੰ ਝੂਟੇ ਦਿੰਦਾ, ਭੋਜਨ ਦਿੰਦਾ ਅਤੇ ਚਿੜੀ ਵੀ ਉਸ ਦੀ ਪਿੱਠ ਸਾਫ਼ ਕਰਦੀ ਤੇ ਸਾਰੇ ਜੰਗਲ ਵਿਚ ਹਾਥੀ ਦੀ ਪਿੱਠ ’ਤੇ ਬੈਠ ਕੇ ਝੂਟੇ ਲੈਂਦੀ ਤੇ ਮੌਜ-ਮਸਤੀ ਕਰਦੀ। ਦੋਵੇਂ ਹਮੇਸ਼ਾ ਇਕ-ਦੂਜੇ ਦੇ ਦੁਖ-ਸੁਖ ਵਿਚ ਸਹਾਈ ਹੁੰਦੇ ਸਨ। ਹਾਥੀ ਅਤੇ ਚਿੜੀ ਦੀ ਦੋਸਤੀ ਸਾਰੇ ਜੰਗਲ ਵਿਚ ਮਸ਼ਹੂਰ ਸੀ। ਦੋਵੇਂ ਹੈ ਵੀ ਬਹੁਤ ਚੰਗੇ ਸਨ ਅਤੇ ਕਦੇ ਕਿਸੇ ਨੂੰ ਨੁਕਸਾਨ ਨਹੀਂ ਸੀ ਪਹੁੰਚਾਉਂਦੇ। ਗਰਮੀਆਂ ਦੇ ਦਿਨ ਸਨ। ਚਿੜੀ ਇਕ ਦਰੱਖ਼ਤ ਦੀ ਟਾਹਣੀ ’ਤੇ ਛਾਂ ਵਿਚ ਬੈਠੀ ਹੋਈ ਸੀ। ਹਾਥੀ ਵੀ ਥੱਕਿਆ-ਹਾਰਿਆ ਉਸ ਦਰੱਖ਼ਤ ਦੇ ਹੇਠਾਂ ਬੈਠ ਗਿਆ। ਉਸ ਦੀ ਨਿਗਾਹ ਦਰੱਖ਼ਤ ਦੀ ਟਾਹਣੀ ’ਤੇ ਚੜ੍ਹ ਰਹੇ ਇਕ ਜ਼ਹਿਰੀਲੇ ਸੱਪ ’ਤੇ ਪਈ। ਉਹ ਚਿੜੀ ਅਤੇ ਉਸ ਦੇ ਬੱਚਿਆਂ ਨੂੰ ਖਾਣਾ ਚਾਹੁੰਦਾ ਸੀ ਤੇ ਵਡੀ ਤੇਜ਼ੀ ਨਾਲ ਅੱਗੇ ਵੱਧ ਰਿਹਾ ਸੀ। ਹਾਥੀ ਇੱਕਦਮ ਉੱਠਿਆ ਤੇ ਉਸ ਨੇ ਅਪਣੀ ਸੁੰਡ ਨਾਲ ਦਰੱਖ਼ਤ ਦੀ ਟਾਹਣੀ ਤੋੜ ਦਿਤੀ। ਜਿਵੇਂ ਹੀ ਟਾਹਣੀ ਟੁੱਟੀ ਜ਼ਹਿਰੀਲਾ ਸੱਪ ਹੇਠਾਂ ਡਿੱਗਿਆ ਤੇ ਦੌੜ ਗਿਆ। ਇਹ ਦੇਖ ਕੇ ਚਿੜੀ ਵੀ ਡਰ ਗਈ ਤੇ ਤੁਰੰਤ ਉੱਡ ਗਈ। ਬਾਅਦ ਵਿਚ ਉਸ ਨੂੰ ਸਮਝ ਲੱਗੀ ਕਿ ਇਕ ਸੱਪ ਉਸ ਨੂੰ ਤੇ ਉਸ ਦੇ ਬੱਚਿਆਂ ਨੂੰ ਖਾਣ ਲਈ ਆਇਆ ਸੀ ਤੇ ਹਾਥੀ ਨੇ ਫੁਰਤੀ ਨਾਲ ਸਭ ਨੂੰ ਜ਼ਹਿਰੀਲੇ ਸੱਪ ਤੋਂ ਬਚਾ ਲਿਆ ਸੀ। ਉਸ ਨੇ ਅਪਣੇ ਦੋਸਤ ਹਾਥੀ ਦਾ ਧੰਨਵਾਦ ਕੀਤਾ। ਸਾਨੂੰ ਇਸ ਕਹਾਣੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਅਪਣੇ ਦੋਸਤਾਂ ਦੀ ਹਮੇਸ਼ਾ ਮਦਦ ਕਰਨੀ ਚਾਹੀਦੀ ਹੈ ਅਤੇ ਸੱਚੇ ਦੋਸਤ ਦੀ ਕਦਰ ਵੀ ਕਰਨੀ ਚਾਹੀਦੀ ਹੈ।



**ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ**
**ਸ੍ਰੀ ਅਨੰਦਪੁਰ ਸਾਹਿਬ**

## ਇਕ ਨਜ਼ਰ...

### ਖੰਨਾ ’ਚ ਜਾਅਲੀ ਜ਼ਮਾਨਤ ਰੈਕੇਟ ਦਾ ਪਰਦਾਫ਼ਾਸ਼

### ਤਹਿਸੀਲ ਦਾ ਦਲਾਲ ਗ੍ਰਿਫ਼ਤਾਰ

**ਖੰਨਾ, 5 ਦਸੰਬਰ (ਰਾਜ) :** ਸ਼ਹਿਰ ਦੀ ਤਹਿਸੀਲ ਤੇ ਅਦਾਲਤੀ ਕੰਪਲੈਕਸ ਨਾਲ ਜੁੜੇ ਇੱਕ ਵੱਡੇ ਜਾਅਲੀ ਜ਼ਮਾਨਤ ਘਪਲੇ ਵਿਚ ਪੁਲਿਸ ਨੇ ਇੱਕ ਹੋਰ ਗ੍ਰਿਫ਼ਤਾਰੀ ਕੀਤੀ ਹੈ। ਇਹ ਮਾਮਲਾ 13 ਅਗੱਸਤ 2024 ਨੂੰ ਦਰਜ ਕੀਤੇ ਇਕ ਕੇਸ ਨਾਲ ਜੁੜਿਆ ਹੈ, ਜਿਸ ਵਿਚ ਜਾਅਲੀ ਆਧਾਰ ਕਾਰਡ ਬਣਾ ਕੇ ਮੁਲਜ਼ਮਾਂ ਦੀ ਜ਼ਮਾਨਤ ਕਰਵਾਉਣ ਦਾ ਗੰਭੀਰ ਆਰੋਪ ਲੱਗਾ ਸੀ। ਹੁਣ ਪੁਲਿਸ ਨੇ ਕੰਮਾ ਪਿੰਡ ਦੇ ਰਹਿਣ ਵਾਲੇ ਕਰਮਜੋਤ ਸਿੰਘ ਕਰਮਾ ਨੂੰ ਗ੍ਰਿਫ਼ਤਾਰ ਕਰ ਕੇ ਰਿਮਾਂਡ ’ਤੇ ਲਿਆ ਹੈ। ਪੁਲਿਸ ਅਨੁਸਾਰ ਕਰਮਾ ਲੰਬੇ ਸਮੇਂ ਤੋਂ ਤਹਿਸੀਲ ਵਿਚ ਦਲਾਲ ਵਜੋਂ ਸਰਗਰਮ ਸੀ। ਉਹ ਪਹਿਲਾਂ ਇਕ ਵਕੀਲ ਦੇ ਕੋਲ ਕੰਮ ਕਰਦਾ ਸੀ ਪਰ ਜਾਅਲੀ ਜ਼ਮਾਨਤ ਮਾਮਲੇ ਤੋਂ ਬਾਅਦ ਉਸ ਨੇ ਉੱਥੋਂ ਹਟ ਕੇ ਤਹਿਸੀਲ ਵਿਚ ਗਵਾਹੀਆਂ ਅਤੇ ਕਾਗ਼ਜ਼ਾਂ ਦੇ ਕੰਮ ਲਈ ਪੈਸੇ ਲੈਣ ਦਾ ਧੰਦਾ ਸ਼ੁਰੂ ਕਰ ਦਿਤਾ ਸੀ। ਪੁਲਿਸ ਦਾ ਕਹਿਣਾ ਹੈ ਕਿ ਕਰਮਾ ਨੇ ਜਾਅਲੀ ਆਧਾਰ ਕਾਰਡ ਬਣਾਉਣ ਤੇ ਧੋਖਾਧੜੀ ਨਾਲ ਜ਼ਮਾਨਤ ਕਰਵਾਉਣ ਵਿਚ ਭੂਮਿਕਾ ਨਿਭਾਈ। ਤਹਿਸੀਲ ਅਤੇ ਅਦਾਲਤ ਵਿਚ ਕੰਮ ਕਰਨ ਵਾਲੇ ਕੁੱਝ ਹੋਰ ਲੋਕਾਂ ਦੇ ਵੀ ਇਸ ਰੈਕੇਟ ਨਾਲ ਜੁੜੇ ਹੋਣ ਦੀਆਂ ਚਰਚਾਵਾਂ ਹਨ, ਜੋ ਕਰਮਾ ਦੀ ਗ੍ਰਿਫ਼ਤਾਰੀ ਤੋਂ ਬਾਅਦ ਗ਼ਾਇਬ ਦੱਸੇ ਜਾ ਰਹੇ ਹਨ। ਇਹ ਕੇਸ 4 ਸਤੰਬਰ 2022 ਦੀ ਉਸ ਸਨਸਨੀਖ਼ੇਜ਼ ਘਟਨਾ ਨਾਲ ਵੀ ਜੁੜਿਆ ਹੈ ਜਿਸ ਵਿਚ ਆਮਦਨ ਕਰ ਅਧਿਕਾਰੀ ਬਣੇ ਬਦਮਾਸ਼ਾਂ ਨੇ 25 ਲੱਖ ਰੁਪਏ ਦੀ ਲੁੱਟ ਕੀਤੀ ਸੀ। ਇਸ ਮਾਮਲੇ ਵਿਚ ਮੁਲਜ਼ਮ ਰਜਨੀਸ਼ ਕੁਮਾਰ ਨੂੰ ਗ੍ਰਿਫ਼ਤਾਰ ਤਾਂ ਕਰ ਲਿਆ ਗਿਆ ਸੀ, ਪਰ ਬਾਅਦ ਵਿਚ ਉਸ ਦੀਆਂ ਦੋ ਜ਼ਮਾਨਤਾਂ ਜਾਅਲੀ ਪਾਈਆਂ ਗਈਆਂ। ਰਜਨੀਸ਼ ਅਦਾਲਤ ਵਿਚ ਹਾਜ਼ਰ ਨਾ ਹੋਣ ਕਾਰਨ ਪੀਓ ਵੀ ਐਲਾਨਿਆ ਗਿਆ ਸੀ। ਖੰਨਾ ਅਦਾਲਤ ਨੇ 10 ਜੁਲਾਈ 2024 ਨੂੰ ਜਾਅਲੀ ਜ਼ਮਾਨਤ ਮਾਮਲੇ ਵਿਚ ਵੱਖਰੀ ਐਫਆਈਆਰ ਦਰਜ ਕਰਨ ਦੇ ਹੁਕਮ ਦਿਤੇ ਸਨ।

### ਖੰਨਾ ਜੀ.ਟੀ. ਰੋਡ ’ਤੇ ਹਾਦਸਾ, ਇਕ ਦੀ ਮੌਤ

**ਖੰਨਾ, 5 ਦਸੰਬਰ (ਰਾਜ) :** ਖੰਨਾ ਦੇ ਜੀ.ਟੀ. ਰੋਡ ’ਤੇ ਦਹੇੜੂ ਪੁਲ ਦੇ ਉਪਰ ਸਵੇਰੇ ਵਾਪਰੇ ਭਿਆਨਕ ਸੜਕ ਹਾਦਸੇ ਵਿਚ ਇਕ ਮਹਿੰਦਰਾ ਪਿਕਅਪ ਗੱਡੀ ਦੇ ਡਰਾਈਵਰ ਦੀ ਮੌਕੇ ’ਤੇ ਹੀ ਦਰਦਨਾਕ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਗੋਲਡੀ, ਵਾਸੀ ਜਲੰਧਰ ਵਜੋਂ ਹੋਈ ਹੈ। ਸੜਕ ਸੁਰੱਖਿਆ ਫੋਰਸ ਦੇ ਸਬ ਇੰਸਪੈਕਟਰ ਸੁਖਦੇਵ ਸਿੰਘ ਨੇ ਦਸਿਆ ਕਿ ਅੱਜ ਸਵੇਰੇ ਕਰੀਬ 5 ਵਜੇ ਕੰਟਰੋਲ ਰੂਮ ਰਾਹੀਂ ਹਾਦਸੇ ਬਾਰੇ ਸੂਚਨਾ ਮਿਲੀ। ਉਹ ਅਪਣੀ ਟੀਮ ਸਮੇਤ ਤੁਰਤ ਮੌਕੇ ’ਤੇ ਪਹੁੰਚੇ ਤਾਂ ਦੇਖਿਆ ਕਿ ਇਕ ਟਰੱਕ ਦੇ ਪਿੱਛੇ ਮਹਿੰਦਰਾ ਪਿਕਅਪ ਗੱਡੀ ਦੀ ਜ਼ਬਰਦਸਤ ਟੱਕਰ ਹੋਈ ਸੀ। ਹਾਦਸੇ ਵਿਚ ਪਿਕਅਪ ਡਰਾਈਵਰ ਗੋਲਡੀ ਦੀ ਮੌਕੇ ’ਤੇ ਹੀ ਮੌਤ ਹੋ ਗਈ। ਮ੍ਰਿਤਕ ਦੇ ਪ੍ਰਵਾਰ ਨੂੰ ਸੂਚਿਤ ਕਰ ਦਿਤਾ ਗਿਆ ਹੈ। ਜਾਣਕਾਰੀ ਅਨੁਸਾਰ ਹਾਦਸਾ ਸਮੇਂ ਟਰੱਕ ਸੜਕ ’ਤੇ ਖੜਾ ਸੀ। ਟਰੱਕ ਡਰਾਈਵਰ ਹਾਦਸੇ ਤੋਂ ਬਾਅਦ ਮੌਕੇ ਤੋਂ ਫਰਾਰ ਹੋ ਗਿਆ। ਪੁਲਿਸ ਨੇ ਟਰੱਕ ਨੂੰ ਕਬਜ਼ੇ ਵਿਚ ਲੈ ਕੇ ਡਰਾਈਵਰ ਦੀ ਤਲਾਸ਼ ਸ਼ੁਰੂ ਕਰ ਦਿਤੀ ਹੈ।

### ਅਲੀਗੜ੍ਹ ’ਚ ਐਸ.ਆਈ.ਆਰ. ਡਿਊਟੀ ਉਤੇ ਤੈਨਾਤ ਸਕੂਲ ਪ੍ਰਿੰਸੀਪਲ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ

**ਅਲੀਗੜ੍ਹ, 5 ਦਸੰਬਰ :** ਅਲੀਗੜ੍ਹ ਜ਼ਿਲ੍ਹੇ ’ਚ ਵੋਟਰ ਸੂਚੀਆਂ ’ਚ ਸੋਧ ਲਈ ਬੂਥ ਪੱਧਰ ਦੇ ਅਧਿਕਾਰੀ (ਬੀ.ਐਲ.ਓ.) ਦੀ ਡਿਊਟੀ ਉਤੇ ਤੈਨਾਤ ਇਕ 59 ਸਾਲ ਦੇ ਪ੍ਰਾਇਮਰੀ ਸਕੂਲ ਪ੍ਰਿੰਸੀਪਲ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਮ੍ਰਿਤਕ ਸਾਧਨਾ ਵਰਮਾ ਜੋ ਰਿਟਾਇਰਮੈਂਟ ਦੇ ਨੇੜੇ ਸੀ, ਦੀ ਵੀਰਵਾਰ ਨੂੰ ਅਪਣੇ ਘਰ ’ਚ ਮੌਤ ਹੋ ਗਈ। ਉਨ੍ਹਾਂ ਨੂੰ 4 ਨਵੰਬਰ ਤੋਂ ਵੋਟਰ ਸੂਚੀਆਂ ਦੀ ਵਿਸ਼ੇਸ਼ ਸੋਧ (ਐਸ.ਆਈ.ਆਰ.) ਅਭਿਆਸ ਲਈ ਤਾਇਨਾਤ ਕੀਤਾ ਗਿਆ ਸੀ। ਮ੍ਰਿਤਕਾ ਨੇ ਕੋਲੀ ਤਹਿਸੀਲ ਦੇ ਹੈਵਤਪੁਰ ਫਾਗੋਈ ਪਿੰਡ ਵਿਚ ਅਪਣੀਆਂ ਸਾਰੀਆਂ ਬੀ.ਐਲ.ਓ. ਡਿਊਟੀਆਂ ਨਿਰਧਾਰਤ ਸਮੇਂ ਦੇ ਅੰਦਰ ‘ਬਿਨਾਂ ਕਿਸੇ ਮੁੱਦੇ ਦੇ’ ਪੂਰੀਆਂ ਕਰ ਲਈਆਂ ਸਨ। ਉਸ ਦੇ ਬੇਟੇ ਚੇਤਨ ਨੇ ਦੋਸ਼ ਲਾਇਆ ਕਿ ਵਰਮਾ ਲੰਮੇ ਸਮੇਂ ਤੋਂ ‘ਭਾਰੀ ਦਬਾਅ ਵਿਚ’ ਸੀ, ਹਾਲਾਂਕਿ ਉਸ ਦੀਆਂ ਬੀ.ਐਲ.ਓ. ਜ਼ਿੰਮੇਵਾਰੀਆਂ ਕਾਰਨ ਨਹੀਂ। ਉਨ੍ਹਾਂ ਦਾਅਵਾ ਕੀਤਾ, “ਉਸ ਦੀਆਂ ਸਮੱਸਿਆਵਾਂ ਬੀ.ਐਲ.ਓ. ਵਜੋਂ ਉਸ ਦੇ ਕੰਮ ਨਾਲ ਸਬੰਧਤ ਨਹੀਂ ਸਨ, ਬਲਕਿ ਉਸ ਦੇ ਵਾਈਸ ਪ੍ਰਿੰਸੀਪਲ ਅਤੇ ਰਾਜ ਦੇ ਸਿੱਖਿਆ ਵਿਭਾਗ ਦੇ ਕੁੱਝ ਅਧਿਕਾਰੀਆਂ ਵਲੋਂ ਉਸ ਨੂੰ ਪ੍ਰੇਸ਼ਾਨ ਕਰਨ ਕਾਰਨ ਸਨ, ਜਿਨ੍ਹਾਂ ਨੇ ਉਸ ਨੂੰ ਹਰ ਸੰਭਵ ਬਹਾਨੇ ਪਰੇਸ਼ਾਨ ਕੀਤਾ।”

# ਸਿੱਖ ਸੰਗਠਨਾਂ ਦੀ ਏਕਤਾ ਅਤੇ ਪੰਥਕ ਮੁੱਦਿਆਂ ਉਤੇ ਵਿਦਵਾਨ ਸਿੱਖ ਸ਼ਖ਼ਸੀਅਤਾਂ ਨੇ ਕੀਤੀ ਵਿਚਾਰ-ਚਰਚਾ

## ਸਿੱਖ ਭਾਈਚਾਰੇ ਦੀਆਂ ਮੌਜੂਦਾ ਚੁਣੌਤੀਆਂ ’ਤੇ ਚਿੰਤਾ ਪਰਗਟ ਕੀਤੀ

**ਚੰਡੀਗੜ੍ਹ, 4 ਦਸੰਬਰ (ਭੁੱਲਰ) :** ਪੰਥਕ ਮੁੱਦਿਆਂ ’ਤੇ ਵਿਚਾਰ-ਵਟਾਂਦਰਾ ਕਰਨ ਲਈ ਗਲੋਬਲ ਸਿੱਖ ਕੌਂਸਲ (ਯੂ.ਕੇ.), ਇੰਟਰਨੈਸ਼ਨਲ ਸਿੱਖ ਕਨਫ਼ੈਡਰੇਸ਼ਨ (ਚੰਡੀਗੜ੍ਹ) ਅਤੇ ਕੇਂਦਰੀ ਸਿੰਘ ਸਭਾ ਦੀ ਸਾਂਝੀ ਮੀਟਿੰਗ ਸਿੱਖ ਪੰਥ ਅਤੇ ਪੰਜਾਬ ਨੂੰ ਦਰਪੇਸ਼ ਪ੍ਰਮੁੱਖ ਮੁੱਦਿਆਂ ਨੂੰ ਹੱਲ ਕਰਨ ਲਈ ਇਕ ਸਹਿਯੋਗੀ ਰਣਨੀਤੀ ਤਿਆਰ ਕਰਨ ਲਈ ਇੱਥੇ ਹੋਈ। ਇਹ ਮੀਟਿੰਗ ਸਿੱਖ ਸੰਗਠਨਾਂ ਵਿਚ ਏਕਤਾ ਨੂੰ ਮਜ਼ਬੂਤ ਕਰਨ ਅਤੇ ਤਾਲਮੇਲ ਵਾਲੀ ਕਾਰਵਾਈ ਲਈ ਇਕ ਸਾਂਝਾ ਪਲੇਟਫਾਰਮ ਵਿਕਸਤ ਕਰਨ ’ਤੇ ਕੇਂਦ੍ਰਿਤ ਸੀ। ਇਸ ਮੀਟਿੰਗ ਵਿਚ ਮਨੁੱਖੀ ਅਧਿਕਾਰ ਸੰਗਠਨ ਵਲੋਂ ਸੀਨੀਅਰ ਐਡਵੋਕੇਟ ਨਵਕਿਰਨ ਸਿੰਘ, ਅੰਮ੍ਰਿਤਪਾਲ ਸਿੰਘ ਸਚਦੇਵਾ, ਪ੍ਰਧਾਨ ਗਲੋਬਲ ਸਿੱਖ ਕੌਂਸਲ, ਡਾ. ਬੀਰੇਂਦਰ ਕੌਰ, ਸਕੱਤਰ ਜਨਰਲ, ਇੰਟਰਨੈਸ਼ਨਲ ਸਿੱਖ ਕਨਫ਼ੈਡਰੇਸ਼ਨ, ਕੰਵਲ ਪਾਲ ਸਿੰਘ, ਜਨਰਲ ਸਕੱਤਰ ਸਿੱਖ ਕੰਨਫ਼ੈਡਰੇਸ਼ਨ, ਡਾ. ਖ਼ੁਸ਼ਹਾਲ ਸਿੰਘ ਜਨਰਲ ਸਕੱਤਰ ਕੇਂਦਰੀ ਸਿੰਘ ਸਭਾ,ਡਾ. ਜਸਪਾਲ ਕੌਰ ਕਾਂਗ ਅਤੇ ਇੰਦਰਪ੍ਰੀਤ ਸਿੰਘ ਮੁੱਖ ਤੌਰ ’ਤੇ ਸ਼ਾਮਲ ਸਨ। ਵਿਚਾਰ-ਵਟਾਂਦਰੇ ਦੌਰਾਨ, ਸਾਰੇ ਭਾਗੀਦਾਰਾਂ ਨੇ ਸਿੱਖ ਭਾਈਚਾਰੇ ਨੂੰ ਦਰਪੇਸ਼ ਮੌਜੂਦਾ ਚੁਣੌਤੀਆਂ ’ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਅਤੇ ਸਮੂਹਕ ਯਤਨਾਂ ਦੀ ਤੁਰਤ ਲੋੜ ਦੀ ਪੁਸ਼ਟੀ ਕੀਤੀ। ਸਿਧਾਂਤਕ ਤੌਰ ’ਤੇ ਸਰਬਸੰਮਤੀ ਨਾਲ ਸਹਿਮਤੀ ਪ੍ਰਗਟਾਈ ਗਈ ਕਿ ਸੰਗਠਨ ਸਿੱਖ ਪੰਥ ਦੇ ਹਿਤਾਂ ਦੀ ਰਾਖੀ, ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਅਤੇ ਪੰਜਾਬ ਤੇ ਵਿਸ਼ਵਵਿਆਪੀ ਸਿੱਖ ਡਾਇਸਪੋਰਾ ਨੂੰ ਪ੍ਰਭਾਵਿਤ ਕਰਨ ਵਾਲੇ ਸਮਕਾਲੀ ਮੁੱਦਿਆਂ ਦੇ ਪ੍ਰਭਾਵਸ਼ਾਲੀ ਹੱਲ ਲਈ ਸਾਂਝੇ ਤੌਰ ’ਤੇ ਕੰਮ ਕਰਨਗੇ। ਸੰਗਠਨਾਂ ਨੇ ਤਾਲਮੇਲ, ਪ੍ਰਤੀਨਿਧਤਾ ਅਤੇ ਰਣਨੀਤਕ ਵਕਾਲਤ ਨੂੰ ਵਧਾਉਣ ਲਈ ਵੱਖ-ਵੱਖ ਸਿੱਖ ਸੰਸਥਾਵਾਂ ਨੂੰ ਇਕ ਏਕੀਕ੍ਰਿਤ ਪਲੇਟਫਾਰਮ ’ਤੇ ਲਿਆਉਣ ਦੇ ਢਾਂਚੇ ’ਤੇ ਵੀ ਚਰਚਾ ਕੀਤੀ। ਅਗਲਾ ਪ੍ਰੋਗਰਾਮ ਜਲਦੀ ਉਲੀਕਿਆ ਜਾਵੇਗਾ।

### ਨਵ ਜਨਮੇ ਬੱਚੇ ਦੀ ਲਾਸ਼ ਮਿਲੀ

**ਤਪਾ ਮੰਡੀ, 5 ਦਸੰਬਰ (ਗੁਰਪ੍ਰੀਤ ਸਿੰਘ) :** ਸਬ ਡਵੀਜ਼ਨ ਤਪਾ ਦੇ ਪਿੰਡ ਪੱਖੋ ਕਲਾਂ ਵਿਚ ਪੰਚਾਇਤੀ ਟੱਕ ਵਿਚੋਂ ਇੱਕ ਨਵ ਜਨਮੇ ਬੱਚੇ ਦੀ ਮ੍ਰਿਤਕ ਦੇਹ ਮਿਲੀ ਹੈ। ਸਬ ਡਵੀਜ਼ਨ ਤਪਾ ਦੇ ਉਪ ਕਪਤਾਨ ਗੁਰਪ੍ਰੀਤ ਸਿੰਘ ਸਿੱਧੂ ਨੇ ਦਸਿਆ ਖ਼ਾਲੀ ਥਾਂ ’ਚ ਬਕਰੀਆਂ ਚਾਰਦੇ ਲੋਕਾਂ ਨੇ ਬੱਚਾ ਦੇਖਦੇ ਹੀ ਪਿੰਡ ਦੇ ਵਿਅਕਤੀਆਂ ਨੂੰ ਸੂਚਿਤ ਕੀਤਾ। ਪਿੰਡ ਦੇ ਸਰਪੰਚ ਨੇ ਇਸ ਦੀ ਸੂਚਨਾ ਥਾਣਾ ਰੂੜੇਕੇ ਕਲਾਂ ਪੁਲਿਸ ਨੂੰ ਦਿਤੀ। ਪੁਲਿਸ ਬੱਚੇ ਦੀ ਲਾਸ਼ ਕਬਜ਼ੇ ਵਿਚ ਲੈ ਕੇ ਮਾਤਾ ਪਿਤਾ ਦੀ ਭਾਲ ਸ਼ੁਰੂ ਕਰ ਦਿਤੀ ਹੈ। ਮ੍ਰਿਤਕ ਬੱਚਾ ਲੜਕਾ ਸੀ। ਪੁਲਿਸ ਨੇ ਲੋਕਾਂ ਨੂੰ ਇਸ ਸਬੰਧੀ ਜਾਣਕਾਰੀ ਦੇਣ ਦੀ ਅਪੀਲ ਕੀਤੀ ਹੈ।

# ਅੰਮ੍ਰਿਤਸਰ ਵਿਚ ਪੰਥਕ ਹੋਕੇ ਇੱਕਠ ਦੌਰਾਨ ਧਰਮੀ ਫ਼ੌਜੀ ਕਰਨਗੇ ਸ਼ਮੂਲੀਅਤ : ਪ੍ਰਧਾਨ ਬਲਦੇਵ ਸਿੰਘ

**ਧਾਰੀਵਾਲ, 5 ਦਸੰਬਰ (ਇੰਦਰ ਜੀਤ) :** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੀ ਹੋਈ ਬੇਅਦਬੀ ਦਾ ਇਨਸਾਫ਼ ਲੈਣ ਲਈ ਪੰਥਕ ਹੋਕੇ ਧਰਨੇ ਦੀ ਮੇਜ਼ਬਾਨੀ ਕਰਦੇ ਬਲਦੇਵ ਸਿੰਘ ਵਡਾਲਾ ਵਲੋਂ ਸਾਥੀਆਂ ਸਮੇਤ 7 ਦਸੰਬਰ ਨੂੰ ਅੰਮ੍ਰਿਤਸਰ ’ਚ ਇਕ ਵਿਸ਼ਾਲ ਇਕਠ ਕਰਨ ਦੇ ਐਲਾਨ ਦਾ ਸਮੂਹ ਸਿੱਖ ਧਰਮੀ ਫ਼ੌਜੀ ਜੂਨ 1984 ਪਰਵਾਰ ਵੈਲਫ਼ੇਅਰ ਐਸੋਸ਼ੀਏਸ਼ਨ ਦੇ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਵਲੋਂ ਸਮਰਥਨ ਦਾ ਐਲਾਨ ਕਰਦਿਆ ਕਿਹਾ ਕਿ ਇਸ ਧਰਨੇ ਵਿਚ ਸ਼ਮੂਲੀਅਤ ਕਰਨ ਸਬੰਧੀ ਧਰਮੀ ਫ਼ੌਜੀਆਂ ਨੂੰ ਵੀ ਸ਼ਾਮਲ ਹੋਣ ਦੀ ਅਪੀਲ ਕੀਤੀ। ਪ੍ਰਧਾਨ ਬਲਦੇਵ ਸਿੰਘ ਨੇ ਕਿਹਾ ਕਿ ਜੂਨ 1984 ਦੌਰਾਨ ਅਕਾਲ ਤਖ਼ਤ ਸਾਹਿਬ ’ਤੇ ਹੋਏ ਫ਼ੌਜੀ ਹਮਲੇ ਦੌਰਾਨ ਹੋਈਆਂ ਬੇਅਦਬੀਆਂ ਦਾ ਇਨਸਾਫ਼ ਦੇਣ ਦੀ ਬਜਾਏ ਹਮਲਾ ਕਰਨ, ਕਰਵਾਉਣ ਅਤੇ ਹਮਾਇਤ ਕਰਨ ਵਾਲਿਆਂ ਨੂੰ ਕੁਰਸੀਆਂ ਅਤੇ ਅਹੁਦੇ ਦੇ ਕੇ ਨਿਵਾਜਿਆ ਗਿਆ, ਜਦਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਨਸਾਫ਼ ਦੇਣ ਦੀ ਬਜਾਏ ਦੋਸ਼ੀਆਂ ਦੀ ਹਮਾਇਤ ਕੀਤੀ । ਧਰਮੀ ਫ਼ੌਜੀ ਜਥੇਬੰਦੀ ਵਲੋਂ ਜੂਨ 1984 ਦੌਰਾਨ ਬੇਅਦਬੀ ਦੇ ਹੱਲ ਸਬੰਧੀ ਮੰਗ ਕਰਦੇ ਆ ਰਹੇ ਹਨ ਜਦਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬੇਅਦਬੀ ਕਰਨ ਕਰਵਾਉਣ ਵਾਲਿਆਂ ਦੇ ਦੋਸ਼ੀਆਂ ਦੇ ਨਾਲ ਭਾਗੇਦਾਰੀ ਹੈ, ਇਸ ਕਰ ਕੇ ਸ਼੍ਰੋਮਣੀ ਕਮੇਟੀ ਕੋਲੋ ਇਨਸਾਫ ਦੀ ਉਮੀਦ ਨਹੀ ਕੀਤੀ ਜਾ ਸਕਦੀ। ਧਰਮੀ ਫ਼ੌਜੀਆਂ ਨੇ ਅਪੀਲ ਕੀਤੀ ਕਿ 84 ਦੇ ਪੀੜਤ, ਪੰਥ ਦਰਦੀ ਅਤੇ ਬੁੱਧੀਜੀਵੀ ਵੀ 7 ਦਸੰਬਰ ਦੇ ਅੰਮ੍ਰਿਤਸਰ ਦੇ ਇੱਕਠ ਵਿਚ ਸ਼ਾਮਲ ਹੋਣ ।

# ਜਾਗਦੇ ਸਿਰਾਂ ਵਾਲੇ ਸਿੱਖ ਦਸਮੇਸ਼ ਪਿਤਾ ਦਾ ਪ੍ਰਕਾਸ਼ ਪੁਰਬ 5 ਜਨਵਰੀ ਨੂੰ ਮਨਾਉਣਗੇ : ਭਾਈ ਮਾਝੀ

**ਕੋਟਕਪੂਰਾ, 5 ਦਸੰਬਰ (ਗੁਰਿੰਦਰ ਸਿੰਘ) :** ਕੌਮ ਦੀ ਵੱਖਰੀ ਪਛਾਣ ਦਾ ਪ੍ਰਤੀਕ ਮੂਲ ਨਾਨਕਸ਼ਾਹੀ ਕੈਲੰਡਰ ਜੋ ਕਿ ਅਕਾਲ ਤਖ਼ਤ ਸਾਹਿਬ ਵਲੋਂ ਸਾਲ 2003 ਲਾਗੂ ਹੋਇਆ ਸੀ, ਜਿਸ ਨੂੰ ਕਿ ਆਰ.ਐਸ.ਐਸ. ਅਤੇ ਭਾਜਪਾ ਸਮੇਤ ਡੇਰਾਨੁਮਾ ਪੰਥਵਿਰੋਧੀ ਸ਼ਕਤੀਆਂ ਦੇ ਦਬਾਅ ਅਧੀਨ ਸਾਲ 2010 ਵਿਚ ਬਦਲ ਕੇ ਮਿਲਗੋਭਾ ਕੈਲੰਡਰ ਸਿੱਖਾਂ ’ਤੇ ਥੋਪਣ ਦਾ ਯਤਨ ਕੀਤਾ ਗਿਆ। ਪੰਥ ਪ੍ਰਸਿੱਧ ਕਥਾਵਾਚਕ ਭਾਈ ਹਰਜਿੰਦਰ ਸਿੰਘ ਮਾਝੀ ਮੁੱਖ ਸੇਵਾਦਾਰ ‘ਦਰਬਾਰ-ਏ-ਖ਼ਾਲਸਾ’ ਨੇ ਇਹ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਜੋ ਕਿ ਉਸ ਵੇਲੇ ਵੀ ਬਾਦਲ ਦਲ ਦੇ ਅਧੀਨ ਸੀ ਅਤੇ ਅੱਜ ਵੀ ਹੈ, ਕਿਉਂਕਿ ਬਾਦਲ ਦਲ ਦੀ ਸਾਲ 2003 ਵਿਚ ਤਾਂ ਭਾਜਪਾ ਨਾਲ ਸਾਂਝ ਸੀ ਪਰ ਅੱਜ ਸਾਂਝ ਟੁੱਟਣ ਦੇ ਬਾਵਜੂਦ ਵੀ ਸ਼੍ਰੋਮਣੀ ਕਮੇਟੀ ਅਤੇ ਜਥੇਦਾਰਾਂ ਨੂੰ ਮੂਲ ਨਾਨਕਸ਼ਾਹੀ ਕੈਲੰਡਰ ਅਪਣਾਉਣ ਵਿਚ ਕੀ ਸਮੱਸਿਆ ਹੈ? ਉਨ੍ਹਾਂ ਕਿਹਾ ਕਿ ਭਾਜਪਾ ਨਾਲ ਨਾਤਾ ਤੋੜ ਕੇ ਵੀ ਬਾਦਲ ਦਲ ਸ਼੍ਰੋਮਣੀ ਕਮੇਟੀ ਰਾਹੀਂ ਭਾਜਪਾ ਦੀਆਂ ਨੀਤੀਆਂ ਨੂੰ ਹੀ ਕਿਉਂ ਲਾਗੂ ਕਰ ਰਿਹਾ ਹੈ, ਜਦਕਿ ਮਿਲਗੋਭਾ ਕੈਲੰਡਰ ਅਨੁਸਾਰ ਤਾਂ ਇਤਿਹਾਸਕ ਦਿਹਾੜਿਆਂ ਨੂੰ ਲੈ ਕੇ ਹਮੇਸ਼ਾ ਹੀ ਕੌਮ ਵਿਚ ਭੰਬਲਭੂਸੇ ਵਾਲੀ ਸਥਿਤੀ ਬਣੀ ਰਹਿੰਦੀ ਹੈ। ਉਹਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਥੋਪੇ ਗਏ ਬਿਪਰਵਾਦੀ ਕੈਲੰਡਰ ਅਨੁਸਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਵਾਲੇ ਦਿਨ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਆਉਣ ਕਾਰਨ ਸੰਗਤ ਵਿਚ ਦੁਬਿਧਾ ਪੈਦਾ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਦੁਨੀਆਂ ਭਰ ਵਿਚ ਵੱਸਦੇ ਹੋਏ ਜਾਗਦੇ ਸਿਰਾਂ ਵਾਲੇ ਸਿੱਖ ਤਾਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ 23 ਪੋਹ 5 ਜਨਵਰੀ ਨੂੰ ਹੀ ਮਨਾਉਣਗੇ, ਜਥੇਦਾਰਾਂ ਅਤੇ ਸ਼੍ਰੋਮਣੀ ਕਮੇਟੀ ਲਈ ਮੌਕਾ ਹੈ ਕਿ ਉਹ ਵੀ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਪਣਾ ਕੇ ਗੁਰੂ ਪਾਤਸ਼ਾਹ ਅਤੇ ਸੰਗਤ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ।

ਜਥੇਦਾਰ ਭਾਜਪਾ ਦੀਆਂ ਨੀਤੀਆਂ ਤਿਆਗ ਕੇ ਮੂਲ ਨਾਨਕਸ਼ਾਹੀ ਕੈਲੰਡਰ ਅਪਨਾਉਣ

# ਅਕਾਲ ਤਖ਼ਤ ਸਾਹਿਬ ਤੋਂ ਮੂਲ ਨਾਨਕਸ਼ਾਹੀ ਕੈਲੰਡਰ ਲਾਗੂ ਕੀਤਾ ਜਾਵੇ : ਹਰਨਾਮ ਸਿੰਘ ਖ਼ਾਲਸਾ

**ਨਵੀਂ ਦਿੱਲੀ, 5 ਦਸੰਬਰ (ਅਮਨਦੀਪ ਸਿੰਘ) :** ਗੁਰਬਾਣੀ ਵਿਚਾਰ ਕੇਂਦਰ ਦੇ ਮੁਖੀ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਤੋਂ ਮੂਲ ਨਾਨਕਸ਼ਾਹੀ ਕੈਲੰਡਰ ਲਾਗੂ ਕਰ ਦਿਤਾ ਜਾਵੇ, ਜਿਸ ਨਾਲ ਹੁਣ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦਾ ਸ਼ਹੀਦੀ ਦਿਹਾੜਾ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਇਕੋ ਤਰੀਕ 27 ਦਸੰਬਰ ਨੂੰ ਹੋਣ ਦਾ ਰੇੜਕਾ ਮੁੱਕ ਜਾਵੇਗਾ। ਅੱਜ ਇਥੇ ਗੱਲਬਾਤ ਕਰਦਿਆਂ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ, “ਦਿੱਲੀ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਅਕਾਲ ਤਖ਼ਤ ਸਾਹਿਬ ਨੂੰ ਬੇਨਤੀਆਂ ਕਰ ਰਹੇ ਹਨ ਕਿ, ‘27 ਦਸੰਬਰ ਦੇ ਸ਼ਹੀਦੀ ਦਿਹਾੜੇ ਤੇ ਪ੍ਰਕਾਸ਼ ਦਿਹਾੜੇ ਦੀ ਤਰੀਕ ਦਾ ਰੇੜਕਾ ਖ਼ਤਮ ਕੀਤਾ ਜਾਵੇ’, ਕਿਉਂ ਨਹੀਂ ਇਹ ਦੋਵੇਂ ਪ੍ਰਧਾਨ ਅਕਾਲ ਤਖ਼ਤ ਨੂੰ ਮੂਲ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਦੀ ਬੇਨਤੀ ਕਰਦੇ। ਪਹਿਲਾਂ ਮੂਲ ਕੈਲੰਡਰ ਹੀ ਲਾਗੂ ਸੀ, ਜਿਸਨੂੰ ਬਾਦਲਾਂ ਨੇ ਡੇਰੇਦਾਰਾਂ ਦੇ ਪ੍ਰਭਾਸ਼ ਹੇਠ ਸੋਧ ਕੇ, ਹੁਣ ਵਾਲਾ ਅਖਉਤੀ ਕੈਲੰਡਰ ਬਣਾ ਕੇ,ਰੱਖ ਦਿਤਾ ਜਿਸ ਨਾਲ 27 ਦਸੰਬਰ ਨੂੰ ਸ਼ਹੀਦੀ ਦਿਹਾੜਾ ਤੇ ਪ੍ਰਕਾਸ਼ ਦਿਹਾੜਾ ਇਕੋ ਤਰੀਕ ਨੂੰ ਆ ਗਿਆ ਹੈ ਜਦ ਕਿ ਮੂਲ ਨਾਨਕਸ਼ਾਹੀ ਕੈਲੰਡਰ ’ਚ 5 ਜਨਵਰੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਮਿੱਥਿਆ ਹੋਇਆ ਹੈ।”

# 45 ਸਾਲ ਤੋਂ ਵੱਧ ਉਮਰ ਦੀਆਂ ਔਰਤ ਨੂੰ ਖ਼ੁਦ ਹੀ ਮਿਲਣਗੇ ‘ਲੋਅਰ ਬਰਥ’ : ਵੈਸ਼ਣਵ

**ਨਵੀਂ ਦਿੱਲੀ, 5 ਦਸੰਬਰ :** ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ ਸ਼ੁਕਰਵਾਰ ਨੂੰ ਰਾਜ ਸਭਾ ’ਚ ਇਕ ਲਿਖਤੀ ਜਵਾਬ ’ਚ ਦਸਿਆ ਕਿ ਬਜ਼ੁਰਗ ਨਾਗਰਿਕਾਂ ਅਤੇ 45 ਸਾਲ ਜਾਂ ਇਸ ਤੋਂ ਵੱਧ ਉਮਰ ਦੀਆਂ ਮਹਿਲਾ ਮੁਸਾਫ਼ਰਾਂ ਨੂੰ ਲੋਅਰ ਬਰਥ ਦੀ ਅਲਾਟਮੈਂਟ ਖ਼ੁਦ ਹੀ ਹੋ ਜਾਂਦੀ ਹੈ। ਬਜ਼ੁਰਗ ਨਾਗਰਿਕਾਂ ਤੇ ਅਪਾਹਜ ਵਿਅਕਤੀਆਂ ਲਈ ਦਿਤੀਆਂ ਗਈਆਂ ਕੁੱਝ ਸਹੂਲਤਾਂ ਉਤੇ ਚਾਨਣਾ ਪਾਉਂਦਿਆਂ ਵੈਸ਼ਣਵ ਨੇ ਕਿਹਾ ਕਿ ਜੇਕਰ ਰੇਲ ਗੱਡੀ ’ਚ ਕੋਈ ਬਰਥ ਖਾਲੀ ਪੈਂਦੀ ਹੈ ਤਾਂ ਇਹ ਬਜ਼ੁਰਗ ਨਾਗਰਿਕਾਂ, ਅਪਾਹਜ ਵਿਅਕਤੀਆਂ ਜਾਂ ਗਰਭਵਤੀ ਔਰਤਾਂ ਨੂੰ ਪਹਿਲ ਦੇ ਆਧਾਰ ਉਤੇ ਅਲਾਟ ਕੀਤੀ ਜਾਂਦੀ ਹੈ। ਵੈਸ਼ਣਵ ਨੇ ਵੱਖ-ਵੱਖ ਪ੍ਰਕਾਰ ਦੇ ਕੋਚਾਂ ਦਾ ਵੀ ਜ਼ਿਕਰ ਕੀਤਾ, ਜਿਨ੍ਹਾਂ ਨੂੰ ਸੁਰੱਖਿਆ ਅਤੇ ਮੁਸਾਫ਼ਰ ਅਨੁਭਵ ਨੂੰ ਵਧਾਉਣ ਦੇ ਲਈ ਡਿਜ਼ਾਈਨ ਅਤੇ ਵਿਕਸਿਤ ਕੀਤਾ ਗਿਆ ਹੈ।

ਉੱਤਰ ਰੇਲਵੇ

ਈ-ਟੈਂਡਰ ਸੂਚਨਾ

| ਲ. ਨੰ: | ਟੈਂਡਰ ਨੰਬਰ | ਕੰਮ ਦਾ ਵੇਰਵਾ | ਟੈਂਡਰ ਖੁਲਣ ਦੀ ਮਿਤੀ ਸਮਾਂ | ਅਨੁਮਾਨਿਤ ਲਾਗਤ ਰੁਪਏ | ਬਿਆਨਾ ਰਾਸ਼ੀ ਰੁਪਏ | ਕੰਮ ਪੂਰਾ ਕਰਨ ਦਾ ਸਮਾਂ |
|---|---|---|---|---|---|---|
| 1 | OT-27/ 2025-26 | 1. ਪ੍ਰੋਵੀਜਨ ਆਫ ਸੀ ਸੀ ਟੀ ਵੀ ਸਰਵੇਲਾਂਸ ਸਿਸਟਮ ਐਟ ਆਰ ਪੀ ਐਫ ਪੋਸਟਸ/ਆਊਟ ਪੋਸਟਸ ਹੈਵਿੰਗ ਕਵਰੇਜ ਓਵਰ ਸਪੇਸ ਪ੍ਰੋਵਾਈਡਿਡ ਫਾਰ ਕੀਪਿੰਗ ਏਕਯੂਜਡ ਐਂਡ ਇੰਟੇਰੋਗੇਸ਼ਨ ਪਰਪਜ (2) ਐਕਸਪੇਨਸ਼ਨ ਆਫ ਸੀ ਸੀ ਟੀ ਵੀ ਸਰਵੈਲਾਂਸ ਨੇਟਵਰਕ ਇਨ ਰੇਲਵੇ ਹਾਸਿਪਟਲ ਅੰਬਾਲਾ ਕੈਂਟ। | 31.12.2025 at 15.00 hrs. | Rs. 95,07,636.25/- | Rs. 1,90,200/- | 180 ਦਿਨ |
| 2 | OT-28/ 2025-26 | ਇੰਲਿਮੇਂਟੇਸ਼ਨ ਆਫ ਯੂ ਆਈ ਐਸ ਮਾਡਰਨਾਇਜੇਸ਼ਨ ਫਾਰ ਟੀਯਰ-2/3/4 ਲੋਕੇਸ਼ਨ ਐਜ ਪਰ ਡਾਯਰੇਕਸ਼ਨ ਆਫ ਸੀ & ਆਈ ਐਸ ਡਾਯਰੇਕਟਰ ਆਫ ਰੇਲਵੇ ਬੋਰਡ ਓਵਰ ਅੰਬਾਲਾ ਡਵੀਜਨ। | 31.12.2025 at 15.00 hrs. | Rs. 3,60,54,555.42/- | Rs. 3,30,300/- | 270 ਦਿਨ |
| 3 | OT-29/ 2025-26 | ਪ੍ਰੋਵੀਜਨ ਆਫ ਰੇਲਨੇਟ ਕਨੇਕਸ਼ਨ ਇਨ ਕੈ & ਵੈ ਵਰਕਸ਼ਾਪ ਐਟ ਜਗਾਧਰੀ ਵਰਕਸ਼ਾਪ & ਕਾਲਕਾ ਵਰਕਸ਼ਾਪ। | 31.12.2025 at 15.00 hrs. | Rs. 3,51,23,853.60/- | Rs. 3,25,600/- | 270 ਦਿਨ |
| 4 | OT-30/ 2025-26 | ਪ੍ਰੋਵੀਜਨ ਆਫ 6 ਕਵਾਡ ਕੇਬਲ ਇਨ ਚੰਡੀਗੜ੍ਹ ਮੋਰਿੰਡਾ ਸੈਕਸ਼ਨ ਫਾਰ ਰੇਲਾਸਬਿਲਿਟੀ ਇੰਮਪਰੂਵਮੇਂਟ ਆਫ ਬਲਾਕ ਵਰਕਿੰਗ ਐਂਡ ਐਕਸਲ ਕਾਊਂਟਰ। | 31.12.2025 at 15.00 hrs. | Rs. 1,11,82,366.19/- | Rs. 2,05,900/- | 270 ਦਿਨ |

**ਨੋਟ: 1.** ਸੀਨੀ. ਡਵੀਜਨ ਸਿਗ. ਅਤੇ ਟੇਲੀ. ਇੰਜੀ./ਉ.ਰੇ. ਡੀ.ਆਰ.ਐਮ. ਆਫਿਸ, ਰੇਲ ਬਿਹਾਰ, ਅੰਬਾਲਾ ਛਾਵਣੀ ਦੇ ਦੁਆਰਾ ਇਛੁਕ ਟੈਂਡਰਕਾਰਾਂ ਤੋਂ ਉਪਰੋਕਤ ਸੰਦਰਭਿਤ ਕੰਮਾਂ ਲਈ ਖੁਲੀ ਟੈਂਡਰਾਂ ਦਸੀ ਗਈ ਮਿਤੀ ਅਨੁਸਾਰ **15.00 ਵਜੇ** ਤਕ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਾਂ ਦੇ ਦੁਆਰਾ ਸਾਰੇ ਜ਼ਰੂਰੀ ਦਸਤਾਵੇਜ ਦੀ ਸਕੈਨ ਪ੍ਰਤੀਲਿਪੀ ਅਪਲੋਡ ਕਰੇ। **1.** ਟੈਂਡਰ ਡਾਕੂਮੈਂਟਸ ਤੇ ਟੈਂਡਰ ਸੂਚਨਾ ਦੀ ਪੂਰੀ ਜਾਣਕਾਰੀ ਦੇ ਲਈ ਰੇਲਵੇ ਵੇਬਸਾਈਟ **www.ireps.gov.in** ਉਤੇ ਲਾਗ ਆਨ ਕਰੋ। **2.** ਟੈਂਡਰਕਾਰਾਂ ਨੂੰ ਈ-ਟੈਂਡਰਿੰਗ ਵਿਚ ਭਾਗ ਲੈਣ ਦੇ ਲਈ ਉਨ੍ਹਾਂ ਦੇ ਕੋਲ ਕਲਾਸ-III ਡਿਜਿਟਲ ਸਿਗਨੇਚਰ ਸਰਫਟੀਫਿਕੇਟ ਹੋਣਾ ਚਾਹੀਦਾ ਅਤੇ ਉਨ੍ਹਾਂ ਨੂੰ ਉਪਰੋਕਤ ਸਾਇਟ ਉਤੇ ਰਜਿਸਟਰਡ ਹੋਣਾ ਜ਼ਰੂਰੀ ਹੈ। ਟੈਂਡਰਕਾਰਾਂ ਨੂੰ ਨਿਵੇਦਨ ਹੈ ਕਿ ਟੈਂਡਰ ਨੋਟਿਸ ਅਤੇ ਟੈਂਡਰ ਡਾਕੂਮੈਂਟਸ ਵਿਚ ਦਿਤੀ ਗਈ ਹਿਦਾਇਤਾਂ/ਸ਼ਰਤਾਂ ਆਦਿ ਨੂੰ ਟੈਂਡਰ ਪਾਉਣ ਤੋਂ ਪਹਿਲਾ ਭਲੀ ਭਾਂਤੀ ਪੜ੍ਹ ਲਵੇ।

**ਨੰਬਰ: ਐਸ.ਡਬਲਯੂ/ਸਿਗ/ਅੰਬਾਲਾ/ਐਨ.ਆਈ.ਟੀ.-12/2025-26 ਮਿਤੀ : 05.12.2025** 3781/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਈ-ਨਿਲਾਮੀ ਵਿਕਰੀ ਸੂਚਨਾ

ਐਡਿਲਵਾਇਸ ਐਸਟਸ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ
CIN : U67100MH2007PLC174759
ਰੀਟੇਲ ਸੈਂਟਰਲ ਅਤੇ ਰਜਿ. ਦਫ਼ਤਰ : ਐਡਿਲਵਾਇਸ ਹਾਊਸ, ਆਫ਼ ਸੀਐਸਟੀ ਰੋਡ, ਕਾਲੀਨਾ ਮੁੰਬਈ 400098

ਸਕਿਉਰਟੀ ਇੰਟਰਸਟ (ਇਨਫ਼ੋਰਸਮੈਂਟ) ਰੂਲਜ਼ 2002 ਦੇ ਰੂਲ 8(6) ਅਤੇ 9(1) ਨਾਲ ਪੜ੍ਹੀ ਜਾਂਦੀ ਧਾਰਾ ਦੇ ਦੀ ਸਕਿਉਰਟਾਈਜੇਸ਼ਨ ਤੇ ਰੀਕੰਸਟਰਕਸ਼ਨ ਆਫ਼ ਫ਼ਾਈਨੈਂਸ਼ੀਅਲ ਅਸੈਟਸ ਅਤੇ ਇਨਫ਼ੋਰਸਮੈਂਟ ਆਫ਼ ਸਕਿਉਰਟੀ ਇੰਟਰਸਟ ਐਕਟ 2002 ਅਧੀਨ ਅਚੱਲ ਸਕਿਓਰਡ ਐਸਟਸ ਦੀ ਵਿਕਰੀ ਲਈ ਈ ਨਿਲਾਮੀ ਵਿਕਰੀ ਸੂਚਨਾ

ਸਕਿਓਰਡ ਕ੍ਰੈਡੀਟਰ ਦੀਆਂ ਵਿੱਤੀ ਸਹੂਲਤਾਂ ਲੈਣ ਕਾਲਮ ਵਿਚ ਮੁਹੱਈਆ ਕਰਵਾਏ ਸਾਫ਼ ਦਰਸਾਏ ਵੱਖ ਵੱਖ ਟਰੱਸਟਾਂ ਦੇ ਟਰੱਸਟੀ ਦੀ ਸਮਰੱਥਾ ਵਜੋਂ ਐਡਿਲਵੇਸਿਸ ਐਸਟਸ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ ਨੂੰ ਮੁਕੱਰਰ ਕੀਤਾ ਹੈ। ਉਕਤ ਅਸਾਈਨਮੈਂਟ ਦੀ ਪਾਲਣਾ ਕਰਦਿਆਂ, ਈਏਆਰਸੀ ਸਕਿਓਰਡ ਕ੍ਰੈਡੀਟਰ ਵਜੋਂ ਇਸ ਦੇ ਸਾਰੇ ਹੱਕਾਂ ਦੀ ਵਰਤੋਂ ਕਰਦਿਆਂ ਅਤੇ ਅਸਾਈਨਰ ਵਜੋਂ ਕਦਮ ਪੁੱਟਿਆ ਹੈ। ਇਹ ਕਿ ਈਏਆਰਸੀ, ਸਕਿਓਰਡ ਕ੍ਰੈਡੀਟਰ ਨੇ ਇਸ ਦੀ ਸਮਰੱਥਾ ਵਜੋਂ, ਸਰਫਾਇਸੀ ਐਕਟ ਅਤੇ ਰੂਲਜ਼ ਦੇ 13(4) ਅਧੀਨ ਹੇਠ ਦਰਸਾਏ ਸਕਿਓਰਡ ਐਸਟਸ ਦਾ ਕਬਜਾ ਲੈ ਲਿਆ ਹੈ।
ਲੜੀ ਨੰ. 1 ਲਈ 15 ਦਿਨ ਅਤੇ ਲੜੀ ਨੰ. 2 ਅਤੇ 3 ਲਈ 30 ਦਿਨਾਂ ਦੇ ਇਸ ਨੋਟਿਸ ਰਾਹੀਂ ਆਮ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ, ਸਹਿ ਕਰਜ਼ਦਾਰ(ਾਂ), ਕਾਨੂੰਨੀ ਵਾਰਸਾਂ ਅਤੇ ਗਰੰਟਰ(ਾਂ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡੀਟਰ ਦੇ ਪੱਖ ਵਿਚ ਗਿਰਵੀ ਹੇਠ ਦਰਸਾਏ ਅਚੱਲ ਸਕਿਓਰਡ ਐਸਟਸ ਦਾ ਕਬਜਾ ਸਕਿਓਰਡ ਕ੍ਰੈਡੀਟਰ ਦੇ ਅਧਿਕਾਰਤ ਅਫ਼ਸਰ (ਏਓ) ਵਲੋਂ ਲਿਆ ਜਾ ਚੁੱਕਾ ਹੈ ਜਿਹੜੀ ‘ਜਿਵੇਂ ਹੈ’, ‘ਜਿੱਥੇ ਹੈ’ ਅਤੇ ‘ਜਿਵੇਂ ਹੈ’ ਦੇ ਅਧਾਰ ’ਤੇ ਈਏਆਰਸੀ ਦੀ ਹੇਠ ਦਰਸਾਈ ਬਕਾਇਆ ਰਕਮ ਸਮੇਤ ਅਗਾਊਂ ਵਿਆਜ ਅਤੇ ਇਸ ’ਤੇ ਪਏ ਹੋਰ ਖਰਚੇ/ਲਾਗਤਾਂ, ਅਸਲ ਪ੍ਰਾਪਤੀ ਤੱਕ ਦੀ ਵਸੂਲੀ ਲਈ ਵੇਚੀ ਜਾਵੇਗੀ। ਈ ਨਿਲਾਮੀ ਦੇ ਵੇਰਵਿਆਂ ਸਮੇਤ ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਹੇਠ ਦਰਸਾਏ ਅਨੁਸਾਰ ਹੋਵੇਗੀ।

ਨਿਲਾਮੀ ਲਈ ਰੱਖੇ ਸਕਿਓਰਡ ਐਸਟਸ ਦੇ ਵੇਰਵੇ :

| ਲੜੀ ਨੰ. | ਲੋਨ ਖਾਤਾ ਨੰ./ ਵੇਚਣ ਵਾਲੀ ਸੰਸਥਾ | ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂ | ਟਰੱਸਟ ਦਾ ਨਾਂ | 28.11.2025 ਨੂੰ ਕੁੱਲ ਬਕਾਇਆ | ਰਾਖਵੀਂ ਕੀਮਤ (ਰੁ. ’ਚ) | ਬਿਆਨਾ ਰਕਮ ਜਮ੍ਹਾਂ (ਈਐਮਡੀ) (ਰੁ. ’ਚ) | ਨਿਲਾਮੀ ਦੀ ਮਿਤੀ ਅਤੇ ਸਮਾਂ | ਕਬਜੇ ਦੀ ਕਿਸਮ |
|---|---|---|---|---|---|---|---|---|
| 1. | 13898150 & 6456802 | ਅੰਮ੍ਰਿਤਸਰੀ ਨਾਨ ਸ਼ਾਪ ਮੋਹਨੀ ਹਲਵਾਈ ਐਂਡ ਕੈਟਰਿੰਗ (ਕਰਜ਼ਦਾਰ) ਮਨਮੋਹਨ ਲਾਲ ਅਤੇ ਮੀਨਾਕਸ਼ੀ ਸ਼ਰਮਾ (ਸਹਿ-ਕਰਜ਼ਦਾਰ) | ਈਏਆਰਸੀ-ਟਰੱਸਟ-ਐਸਸੀ-449 | ₹ 7,56,656.67/- & ₹37,40,332.14 | ₹ 24,00,000/- | ₹ 2,40,000/- | 26-12-2025 ਨੂੰ ਸਵੇਰੇ 11.30 ਵਜੇ | ਭੌਤਿਕ |

ਜਾਇਦਾਦ ਦਾ ਵੇਰਵਾ : ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਜਾਇਦਾਦ ਮਿਣਤੀ 10 ਮਰਲੇ ਸਥਿਤ ਹੈ ਓਕਾਰ ਨਗਰ, ਚਚੋਕੀ ਫਗਵਾੜਾ ਵਿਚ ਖਸਰਾ ਨੰ 1367, 1368, 1696/1366/2, 1698/1369/2, ਹੱਦਬਸਤ ਨੰ. 103, ਹੱਦਾਂ ਇਸ ਤਰ੍ਹਾਂ : ਪੂਰਬ : ਹੋਰ, ਪੱਛਮ : ਹੋਰ, ਉਤਰ : ਗਲੀ, ਦੱਖਣ : ਉਪਿੰਦਰ ਸਿੰਘ
ਨੋਟ : ਇੱਥੇ ਪਹਿਲਾਂ ਦਿੱਤਾ ਕੋਈ ਵੀ ਈ ਨਿਲਾਮੀ ਨੋਟਿਸ ਤੁਰੰਤ ਪ੍ਰਭਾਵ ਤੋਂ ਵਾਪਸ ਲੈ ਲਿਆ ਹੈ ਅਤੇ ਇਹ ਨੋਟਿਸ ਵਿਚਾਰਿਆ ਜਾਵੇਗਾ।

| ਲੜੀ ਨੰ. | ਲੋਨ ਖਾਤਾ ਨੰ./ ਵੇਚਣ ਵਾਲੀ ਸੰਸਥਾ | ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂ | ਟਰੱਸਟ ਦਾ ਨਾਂ | 28.11.2025 ਨੂੰ ਕੁੱਲ ਬਕਾਇਆ | ਰਾਖਵੀਂ ਕੀਮਤ (ਰੁ. ’ਚ) | ਬਿਆਨਾ ਰਕਮ ਜਮ੍ਹਾਂ (ਈਐਮਡੀ) (ਰੁ. ’ਚ) | ਨਿਲਾਮੀ ਦੀ ਮਿਤੀ ਅਤੇ ਸਮਾਂ | ਕਬਜੇ ਦੀ ਕਿਸਮ |
|---|---|---|---|---|---|---|---|---|
| 2. | 9871416 | ਸ੍ਰੀ ਰਾਜਬੀਰ ਸਿੰਘ ਰੰਧਾਵਾ (ਕਰਜ਼ਦਾਰ), ਸ੍ਰੀਮਤੀ ਨਵਨੀਤ ਕੌਰ ਰੰਧਾਵਾ (ਸਹਿ ਕਰਜ਼ਦਾਰ) | ਈਏਆਰਸੀ-ਟਰੱਸਟ-ਐਸਸੀ-483 | ₹ 14,94,202.56/- | ₹ 9,50,000/- | ₹ 95,000/- | 08-01-2026 ਨੂੰ ਸਵੇਰੇ 11.30 ਵਜੇ | ਭੌਤਿਕ |

ਜਾਇਦਾਦ ਦਾ ਵੇਰਵਾ : ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਦੁਕਾਨ ਨੰ 9, ਮਿਣਤੀ 173-ਮੁਰੱਬਾ ਫੁਟ ਅਬਾਦੀ ਪਿੰਡ ਕਿੰਗਰਾ, ਜਾਇਦਾਦ ਨੰ 3, ਖਸਰਾ ਨੰ 1275/495, 1279/499, 1281/501, 502, 1283/503, 1284/504, 500 ਜਲੰਧਰ, ਪੰਜਾਬ ਅਤੇ ਹੱਦਾਂ: ਪੂਰਬ ਵੱਲ : ਰਸਤਾ, ਉਤਰ ਵੱਲ : ਦੁਕਾਨ ਨੰ 8 ਅਤੇ ਦੀਵਾਰ, ਪੱਛਮ ਵਲ : ਹੋਰ, ਦੱਖਣ ਵੱਲ : ਹੋਰ
ਨੋਟ : ਇੱਥੇ ਪਹਿਲਾਂ ਦਿੱਤਾ ਕੋਈ ਵੀ ਈ ਨਿਲਾਮੀ ਨੋਟਿਸ ਤੁਰੰਤ ਪ੍ਰਭਾਵ ਤੋਂ ਵਾਪਸ ਲੈ ਲਿਆ ਹੈ ਅਤੇ ਇਹ ਨੋਟਿਸ ਵਿਚਾਰਿਆ ਜਾਵੇਗਾ।

| ਲੜੀ ਨੰ. | ਲੋਨ ਖਾਤਾ ਨੰ./ ਵੇਚਣ ਵਾਲੀ ਸੰਸਥਾ | ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂ | ਟਰੱਸਟ ਦਾ ਨਾਂ | 28.11.2025 ਨੂੰ ਕੁੱਲ ਬਕਾਇਆ | ਰਾਖਵੀਂ ਕੀਮਤ (ਰੁ. ’ਚ) | ਬਿਆਨਾ ਰਕਮ ਜਮ੍ਹਾਂ (ਈਐਮਡੀ) (ਰੁ. ’ਚ) | ਨਿਲਾਮੀ ਦੀ ਮਿਤੀ ਅਤੇ ਸਮਾਂ | ਕਬਜੇ ਦੀ ਕਿਸਮ |
|---|---|---|---|---|---|---|---|---|
| 3. | 7274481 | ਮੁਹੰਮਦ ਤੌਫ਼ੀਕ ਕੁਰੈਸ਼ੀ (‘ਕਰਜ਼ਦਾਰ’), ਚਾਂਦ ਬੀਬੀ (‘ਸਹਿ-ਕਰਜ਼ਦਾਰ’), ਇਰਫ਼ਾਨ (‘ਸਹਿ-ਕਰਜ਼ਦਾਰ’) ਫਿਰੋਜ਼ਾ (‘ਸਹਿ-ਕਰਜ਼ਦਾਰ/ਗਿਰਵੀਕਾਰ’), | ਈਏਆਰਸੀ-ਟਰੱਸਟ-ਐਸਸੀ-483 | ₹ 54,66,042/- | ₹ 29,83,000/- | ₹ 2,98,300/- | 08-01-2026 ਨੂੰ ਬਾ.ਦੁ. 01.00 ਵਜੇ | ਭੌਤਿਕ |

ਜਾਇਦਾਦ ਦਾ ਵੇਰਵਾ : ਸਾਰੇ ਜ਼ਰੂਰੀ ਅਤੇ ਅਹਿਮ ਹਿੱਸੇ ਇਕ ਪਲਾਟ ਜਿਸ ਦਾ ਨੰ. 31-ਏ, ਮਿਣਤੀ 119 ਵ. ਗਜ਼, ਜੋ ਸ਼ਾਮਲ ਹੈ ਵਿਚ ਖਸਰਾ ਨੰ. 34//12, ਖਾਤਾ ਨੰ. 391/395 ਜਮਾਂਬੰਦੀ ਸਾਲ 2006-2007 ਲਈ ਸਥਿਤ ਹੈ ਪਿੰਡ ਕੁਲੀਏਵਾਲ ਵਿਖੇ, ਹੱਦਬਸਤ ਨੰ. 178, ਅਬਾਦੀ ਗੁਲਾਬੀ ਬਾਗ਼, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਸਿਟੀ : ਲੁਧਿਆਣਾ, ਰਾਜ : ਪੰਜਾਬ- ਪਿੰਨ-141001
ਨੋਟ : ਇੱਥੇ ਪਹਿਲਾਂ ਦਿੱਤਾ ਕੋਈ ਵੀ ਈ ਨਿਲਾਮੀ ਨੋਟਿਸ ਤੁਰੰਤ ਪ੍ਰਭਾਵ ਤੋਂ ਵਾਪਸ ਲੈ ਲਿਆ ਹੈ ਅਤੇ ਇਹ ਨੋਟਿਸ ਵਿਚਾਰਿਆ ਜਾਵੇਗਾ।

**ਨਿਲਾਮੀ ਪ੍ਰਕਿਰਿਆ ਸਬੰਧੀ ਜ਼ਰੂਰੀ ਜਾਣਕਾਰੀ :**

| | | |
|---|---|---|
| 1 | ਸਾਰੇ ਡਿਮਾਂਡ ਡਰਾਫ਼ਟ (ਡੀਡੀ) ‘ਈਡਲਵੇਸਿਜ ਐਸਟਸ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ-ਈਐਮਡੀ ਖਾਤਾ’ ਦੇ ਪੱਖ ਵਿਚ ਅਤੇ ਮੁੰਬਈ ਵਿਖੇ ਅਦਾਇਗੀਯੋਗ। | |
| 2 | ਈਐਮਡੀ ਦੀ ਅਦਾਇਗੀ ਆਰਟੀਜੀਐਸ ਰਾਹੀਂ ਕੀਤੀ ਜਾਵੇਗੀ : ਖਾਤੇ ਦਾ ਨਾਮ : ਈਡਲਵੇਸਿਸ ਐਸਟ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ-ਈਐਮਡੀ ਖਾਤਾ’ ਖਾਤਾ ਨੰ. 000405158602, ਬੈਂਕ ਦਾ ਨਾਮ : ICICI BANK IFSC Code : IFSC ICIC0000004 | |
| 3 | ਈਐਮਡੀ ਜਮ੍ਹਾ ਕਰਨ ਦੀ ਆਖਰੀ ਮਿਤੀ | ਨਿਲਾਮੀ ਦੀ ਮਿਤੀ ਤੋਂ ਇਕ ਦਿਨ ਪਹਿਲਾਂ ਪ੍ਰਾਪਤ ਕੀਤੀਆਂ ਜਾਣਗੀਆਂ |
| 4 | ਬੋਲੀਆਂ ਜਮ੍ਹਾਂ ਕਰਨ ਦਾ ਸਥਾਨ | ਪਹਿਲੀ ਮੰਜ਼ਿਲ, ਈਡਲਵੇਸਿਸ ਹਾਊਸ, ਆਫ਼ ਸੀਐਸਟੀ, ਰੋਡ, ਕਲੀਨਾ, ਮੁੰਬਈ -400098 |
| 5 | ਨਿਲਾਮੀ ਦਾ ਸਥਾਨ (ਨਿਲਾਮੀ ਲਈ ਵੈਬਸਾਈਟ) | ਈ-ਨਿਲਾਮੀ (https://auction.edelweissarc.in) |
| 6 | ਸੰਪਰਕ ਨੰਬਰ | ਟੋਲ ਫਰੀ ਨੰ.– 18002666540 Website - https://auction.edelweissarc.in/ |
| 7 | ਜਾਇਦਾਦ ਦੀ ਪੜਤਾਲ ਦੀ ਮਿਤੀ ਅਤੇ ਸਮਾਂ | ਅਗਾਊਂ ਇਜਾਜ਼ਤ ਲੈ ਕੇ |

ਵਿਕਰੀ ਦੇ ਨਿਯਮ ਅਤੇ ਸ਼ਰਤਾਂ ਦੇ ਵੇਰਵਿਆਂ ਲਈ ਕ੍ਰਿਪਾ ਕਰਕੇ ਈਏਆਰਸੀ ਵੈਬਸਾਈਟ ਵਿਚ ਮੁਹੱਈਆ ਕਰਵਾਏ ਲਿੰਕ ਭਾਵ https://auction.edelwelssarc.in ਦਾ ਹਵਾਲਾ ਲਓ।

**ਸਥਾਨ : ਪੰਜਾਬ**
**ਮਿਤੀ : 06.12.2025**

**ਸਹੀ/-ਅਧਿਕਾਰਤ ਅਫ਼ਸਰ**
**ਲਈ ਐਡਿਲਵੇਸਿਸ ਐਸਟਸ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ**

Edelweiss
Asset Reconstruction

ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ) [ਰੂਲ (8-1)]

ਜਦੋਂਕਿ ਨਿਮਨਹਸਤਾਖ਼ੀ ਨੇ **ਆਈਆਈਐਫ਼ਐਲ ਹੋਮ ਫਾਇਨਾਂਸ ਲਿਮ. (ਪਹਿਲਾਂ ਇੰਡੀਆ ਇੰਫੋਲਾਈਨ ਹਾਊਸਿੰਗ ਫਾਇਨਾਂਸ ਲਿਮ. ਵਜੋਂ ਜਾਣੀ ਜਾਂਦੀ)** (ਆਈਆਈਐਫਐਲ ਐਚਐਫਐਲ) ਦੇ ਅਧਿਕਾਰਤ ਅਫ਼ਸਰ ਵਜੋਂ ਸਕਿਓਰਟਾਈਜੇਸ਼ਨ ਤੇ ਰੀਕੰਸਟਰਕਸ਼ਨ ਆਫ਼ ਫ਼ਾਈਨੈਂਸ਼ੀਅਲ ਅਸੈਟਸ ਅਤੇ ਇਨਫ਼ੋਰਸਮੈਂਟ ਆਫ਼ ਸਕਿਓਰਟੀ ਇੰਟਰਸਟ ਐਕਟ 2002 ਅਤੇ ਸਕਿਓਰਟੀ ਇੰਟਰਸਟ (ਇਨਫ਼ੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(12) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਕੰਪਨੀ ਦੇ ਅਧਿਕਾਰਤ ਅਫ਼ਸਰ ਵਲੋਂ ਹੇਠ ਦਰਸਾਏ ਕਰਜ਼ਦਾਰ(ਾਂ)/ਗਾਰੰਟਰ(ਾਂ) ਨੂੰ ਹੇਠ ਦਰਸਾਈ ਰਕਮ ਅਦਾ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫਲ ਰਹੇ, ਇਸ ਨੋਟਿਸ ਰਾਹੀਂ ਆਮ ਜਨਤਾ ਅਤੇ ਕਰਜ਼ਦਾਰ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਰੂਲਜ਼ ਦੇ ਰੂਲ 8 ਨਾਲ ਪੜ੍ਹੇ ਜਾਂਦੇ ਦੇ ਸੈਕਸ਼ਨ 13(4) ਅਧੀਨ ਮਿਲੀਆਂ ਸਕਤੀਆਂ ਦੀ ਵਰਤੋਂ ਕਰਦਿਆਂ ਹੇਠ ਦਰਸਾਈ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ। ਖ਼ਾਸ ਤੌਰ ’ਤੇ ਕਰਜ਼ਦਾਰ ਨੂੰ ਤੇ ਆਮ ਜਨਤਾ ਨੂੰ ਖ਼ਬਰਦਾਰ ਕੀਤਾ ਜਾਂਦਾ ਹੈ ਕਿ ਇਸ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਨਾ ਕੀਤਾ ਜਾਵੇ, ਇਸ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਕਰਨ ਦਾ ਅਧਿਕਾਰ ਹੇਠ ਦਰਸਾਈ ਰਕਮ ਸਮੇਤ ਇਸ ’ਤੇ ਵਿਆਜ ਦੀ ਆਈਆਈਐਫਐਲ ਐਚਐਫਐਲ ਨੂੰ ਅਦਾਇਗੀ ਦਾ ਜ਼ਿੰਮੇਵਾਰ ਹੋਵੇਗਾ। ਕਰਜ਼ਦਾਰਾਂ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਐਕਟ ਦੇ ਸੈਕਸ਼ਨ 13 ਦੇ ਸੈਕਸ਼ਨ (8) ਜੇਕਰ ਕਰਜ਼ਦਾਰ ‘ਆਈਆਈਐਫਐਲ ਐਚਐਫਐਲ’ ਦੇ ਬਕਾਇਆਂ ਦੀ ਅਦਾਇਗੀ ਸਮੇਤ ਲਾਗਤਾਂ, ਖਰਚੇ ਅਤੇ ਹੋਰ ਖਰਚਿਆਂ ਸਮੇਤ ਸਕਿਓਰਡ ਅਸਾਸਿਆਂ ਦੀ ਵਿਕਰੀ ਜਾਂ ਟਰਾਂਸਫਰ ਦੀ ਮਿਤੀ ਤੋਂ ਪਹਿਲਾਂ ਕਰ ਦਿੱਤੀ ਜਾਂਦੀ ਹੈ ਤਾਂ ‘ਆਈਆਈਐਫਐਲ ਐਚਐਫਐਲ’ ਵੱਲੋਂ ਅਸਾਸਿਆਂ ਨੂੰ ਨਾ ਤਾਂ ਵੇਚਿਆ ਜਾਵੇਗਾ ਅਤੇ ਨਾ ਹੀ ਟਰਾਂਸਫਰ ਕੀਤਾ ਜਾਵੇਗਾ ਅਤੇ ‘ਆਈਆਈਐਫਐਲ ਐਚਐਫਐਲ’ ਵੱਲੋਂ ਦੱਸੀ ਗਈ ਸਕਿਓਰਡ ਅਸਾਸਿਆਂ ਦੀ ਵਿਕਰੀ ਜਾਂ ਟਰਾਂਸਫਰ ਲਈ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।

| ਕਰਜ਼ਦਾਰ(ਾਂ)/ਸਹਿ-ਕਰਜ਼ਦਾਰ(ਾਂ) ਦਾ ਨਾਮ | ਸਕਿਓਰਡ ਐਸਟਸ ਦੇ ਵੇਰਵੇ (ਅਚੱਲ ਜਾਇਦਾਦ) | ਕੁੱਲ ਬਕਾਇਆ ਰਕਮ (ਰੁ:) | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ |
|---|---|---|---|---|
| ਸ੍ਰੀ ਕੁਲਦੀਪ ਸਿੰਘ<br>ਸ੍ਰੀਮਤੀ ਰੇਨੂੰ ਦੀਪ<br>ਹੇਅਰ ਸਲੂਨ<br>ਪ੍ਰੋਸਪੈਕਟਸ ਨੰ<br>IL10402129 | ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਵਿੱਚ ਸ਼ਾਮਲ ਅਧੀਨ ਖੇਵਟ ਨੰ. 647, ਖਤੌਨੀ ਨੰ. 855 ਮਿਨ, ਖਸਰਾ ਨੰ. 113, ਕਿੱਲਾ 21(7-8), ਸਥਿਤ ਹੈ ਜਨਤਾ ਪ੍ਰੀਤ ਨਗਰ, ਫਿਰੋਜ਼ਪੁਰ ਸ਼ਹਿਰ, ਫਿਰੋਜ਼ਪੁਰ, ਪੰਜਾਬ-152002, ਭਾਰਤ, ਏਰੀਆ ਮਿਣਤੀ (ਵ. ਫੁਟਾਂ ਵਿਚ) ਜਾਇਦਾਦ ਦੀ ਕਿਸਮ, ਜ਼ਮੀਨ ਏਰੀਆ, ਬਿਲਟ ਅਪ ਏਰੀਆ, ਸੁਪਰ ਬਿਲਟ ਅਪ ਏਰੀਆ, ਕਾਰਪੇਟ ਏਰੀਆ, ਜਾਇਦਾਦ ਏਰੀਆ 1125.00, 1785.00, 1785.00, 1428.00 | ਰੁ. 1163373/- (ਗਿਆਰਾਂ ਲੱਖ ਤਰੇਹਟ ਹਜ਼ਾਰ ਤਿੰਨ ਸੌ ਤੇਹੱਤਰ ਰੁ. ਸਿਰਫ਼) | 19-04-2025 | 03-12-2025 |

ਅਗਾਊਂ ਵੇਰਵਿਆਂ ਲਈ ਕ੍ਰਿਪਾ ਕਰਕੇ ਅਧਿਕਾਰਤ ਅਫ਼ਸਰ ਬ੍ਰਾਂਚ ਦਫ਼ਤਰ : ਦੂਜੀ ਮੰਜ਼ਿਲ, ਸਾਈ ਮਾਲ, ਨੇੜੇ ਕੇਐਫਸੀ, ਮਾਡਲ ਟਾਊਨ, ਜਲੰਧਰ-144001/ਜਾਂ ਕਾਰਪੋਰੇਟ ਦਫ਼ਤਰ : ਆਈਆਈਐਫਐਲ ਟਾਵਰ, ਪਲਾਟ ਨੰ: 98, ਫੇਜ਼ 4, ਉਦਯੋਗ ਵਿਹਾਰ, ਗੁੜਗਾਉਂ, ਹਰਿਆਣਾ
ਸਥਾਨ : ਜਲੰਧਰ, ਮਿਤੀ : 06-12-2025 ਸਹੀ/- ਅਧਿਕਾਰਤ ਅਫ਼ਸਰ, ਆਈਆਈਐਫਐਲ ਹੋਮ ਫਾਇਨਾਂਸ ਲਿਮਟਿਡ ਲਈ

pnb Housing
Finance Limited
Ghar Ki Baat

ਅਪੈਂਡਿਕਸ IV-A
ਅਚੱਲ ਜਾਇਦਾਦ (ਦਾਂ) ਦੀ ਈ ਨਿਲਾਮੀ ਵਿਕਰੀ ਸੂਚਨਾ
ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫ਼ਾਈਨਾਂਸ਼ੀਅਲ ਅਸੈਟਸ ਐਂਡ ਇਨਫ਼ਾਰਸਮੈਂਟ ਆਫ਼ ਸਕਿਉਰਿਟੀ ਇੰਟਰੈਸਟ ਐਕਟ, 2002 ਅਤੇ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8(6) ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨੀਲਾਮੀ ਵਿਕਰੀ ਸੂਚਨਾ

ਰਜਿ: ਦਫਤਰ: ਨੌਵੀਂ ਮੰਜਿਲ, ਅੰਤਰਿਕਸ਼ ਭਵਨ, 22 ਕਸਤੂਰਬਾ ਗਾਂਧੀ ਮਾਰਗ, ਨਵੀਂ ਦਿੱਲੀ 110001, ਫੋਨ : 011-23357171, 23357172, 23705414, ਵੈਬ : www.pnbhousing.com
ਜਲੰਧਰ ਬਰਾਂਚ: ਪੀਐਨਬੀ ਹਾਊਸਿੰਗ ਫਾਈਨਾਂਸ ਲਿਮਟਿਡ, ਐਸਸੀਓ-44, ਪਹਿਲੀ ਮੰਜਿਲ, ਪੁੱਡਾ ਕੰਪਲੈਕਸ, ਜਲੰਧਰ-144001, ਪੰਜਾਬ

ਆਮ ਜਨਤਾ ਅਤੇ ਖਾਸ ਤੌਰ ’ਤੇ ਕਾਲਮ ‘ਏ’ ਵਿਚ ਦਰਸਾਏ ਕਰਜ਼ਦਾਰਾਂ, ਗਿਰਵੀਕਾਰਾਂ ਅਤੇ ਗਰੰਟਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਾਲਮ ‘ਡੀ’ ਵਿਚ ਦਰਸਾਈਆਂ ਗੁਈਆਂ ਸਕਿਉਰਡ ਕ੍ਰੈਡੀਟਰ ਕੋਲ ਗਿਰਵੀ/ਚਾਰਜ਼ਡ ਅਚੱਲ ਜਾਇਦਾਦਾਂ ਦਾ ਮੈਸ: ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ/ਸਕਿਉਰਡ ਕ੍ਰੈਡੀਟਰ ਦੇ ਅਧਿਕਾਰਤ ਅਫ਼ਸਰ ਨੇ ਸਕਿਉਰਡ ਕ੍ਰੈਡੀਟਰ ਕੋਲ ਗਿਰਵੀ/ਰਹਿਣ/ਚਾਰਜ਼ਡ ਜਾਇਦਾਦਾਂ ਦਾ (ਕਾਲਮ ਸੀ ਵਿਚ ਦਿੱਤੇ ਅਨੁਸਾਰ) ਉਸਾਰੂ/ਭੌਤਿਕ ਕਬਜ਼ਾ ਲੈ ਲਿਆ ਹੈ ਅਤੇ ਇਨ੍ਹਾਂ ਨੂੰ ਹੇਠਾਂ ਦਿੱਤੇ ਵੇਰਵੇ ਅਨੁਸਾਰ ‘ਜਿਵੇਂ ਹੈ, ਜੋ ਹੈ ਜਿੱਥੇ ਹੈ’ ਅਧਾਰ ’ਤੇ ਵੇਚਿਆ ਜਾਵੇਗਾ। ਕਰਜ਼ਦਾਰਾਂ/ਗਿਰਵੀਕਾਰਾਂ/ਕਾਨੂੰਨੀ ਵਾਰਸਾਂ, ਕਾਨੂੰਨੀ ਪ੍ਰਤੀਨਿਧੀਆਂ (ਭਾਵੇਂ ਜਾਣੇ ਜਾਂ ਅਣਜਾਣੇ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਉਰਿਟੀ ਇੰਟਰਸਟ ਇਨਫੋਰਸਮੈਂਟ ਰੂਲਜ਼ 2002 ਦੇ ਰੂਲ 8(6) ਅਤੇ 9 ਤਹਿਤ ਕਾਲਮ ਨੰ ‘ਏ’ ਵਿਚ ਦਿੱਤੇ ਗਏ ਕਰਜ਼ਦਾਰਾਂ/ਗਿਰਵੀਕਾਰਾਂ (ਮੌਤ ਤੋਂ ਬਾਅਦ) ਉਨ੍ਹਾਂ ਦੇ ਅਗਜ਼ੀਕਿਊਟਰਜ਼, ਪ੍ਰਸ਼ਾਸਕ, ਲਾਭਪਾਤਰੀ, ਅਸਾਈਨੀ ਸ਼ੁੱਧ ਗਏ ਹਨ।
ਵਿਕਰੀ ਦੇ ਨਿਯਮ ਅਤੇ ਸ਼ਰਤਾਂ ਲਈ ਕਿਰਪਾ ਕਰਕੇ ਮੈਸ: ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ/ਸਕਿਉਰਡ ਕ੍ਰੈਡੀਟਰ ਦੀ ਵੈਬਸਾਈਟ ਭਾਵ www.pnbhousing.com ਦਾ ਹਵਾਲਾ ਲਓ।

| ਲੋਨ ਨੰ, ਕਰਜ਼ਦਾਰ/ਸਹਿ ਕਰਜ਼ਦਾਰ/ ਗਰੰਟਰ/ਕਾਨੂੰਨੀ ਵਾਰਸ ਦਾ ਨਾਮ | ਮੰਗੀ ਗਈ ਰਕਮ ਅਤੇ ਮਿਤੀ | ਕਬਜ਼ੇ ਦੀ ਕਿਸਮ | ਗਿਰਵੀ ਜਾਇਦਾਦਾਂ ਦਾ ਵੇਰਵਾ | ਰਾਖਵੀਂ ਕੀਮਤ (ਆਰ.ਪੀ.) | ਈਐਮਡੀ (ਰਾਖਵੀਂ ਕੀਮਤ ਦਾ 10%) | ਬੋਲੀ ਜਮਾਂ ਕਰਾਉਣ ਦੀ ਆਖਰੀ ਮਿਤੀ | ਬੋਲੀ ਵਾਧਾ ਦਰ | ਪੜਤਾਲ ਦੀ ਮਿਤੀ ਤੇ ਸਮਾਂ | ਨਿਲਾਮੀ ਦੀ ਮਿਤੀ ਅਤੇ ਸਮਾਂ | ਕੋਈ ਝੰਜਟ/ ਕੋਰਟ ਕੇਸ ਜੇ ਹੋਵੇ ਤਾਂ |
|---|---|---|---|---|---|---|---|---|---|---|
| HOU/JAL/1018/588120, ਬਰਾਂਚ ਦਫ਼ਤਰ : ਜਲੰਧਰ, ਸ੍ਰੀਮਤੀ ਜਯੋਤਿਕਾ, ਸ੍ਰੀ ਅਸ਼ਵਨੀ ਕੁਮਾਰ ਸ੍ਰੀਵਾਸਤਵ | ਰੁ. 17,96,522.91 as on 14-08-2024 | ਭੌਤਿਕ ਕਬਜ਼ਾ | ਮਕਾਨ ਨੰ.26, ਗਲੀ ਨੰ. 2, ਅਬਾਦੀ ਨਿਊ ਗੁਰੂਨਾਨਕ ਨਗਰ, ਪਿੰਡ ਨਾਗਰਾ, ਜਲੰਧਰ, ਪੰਜਾਬ-144307, ਸਾਲ 2012-13 ਲਈ ਜਮ੍ਹਾਂਬੰਦੀ ਅਨੁਸਾਰ, ਹੱਦਬਸਤ ਨੰ. 158, ਖਾਤਾ ਨੰ. 143/201 ਤੋਂ 205, 144/206 ਤੋਂ 209, ਖਸਰਾ ਨੰ. 753/560/1, 764/560/2 ਮਿਨ, 940/569, 765/569, 785/560/2, 764/560/2 ਮਿਨ, 942/569, 776/560/2, 766/560/2, 766/570 ਮਿਨ, 941/570, 943/570, 786/569, 787/570, 766/570 ਮਿਨ ਟਾਈਟਲ ਡੀਡ ਦਸਤਾਵੇਜ ਨੰ.2018-19/187/1/2261 ਮਿਤੀ 09.11.2018 ਸ੍ਰੀਮਤੀ ਜਯੋਤਿਕਾ ਦੇ ਨਾਂ, ਹੱਦਾਂ: ਪੂਰਬ: ਗਲੀ, ਪੱਛਮ: ਪ੍ਰਕਾਸ਼ ਸਿੰਘ, ਉੱਤਰ: ਮਕਾਨ ਨੰ. 25 ਹਰਪਿੰਦਰ ਸਿੰਘ, ਦੱਖਣ: ਮਕਾਨ ਨੰ. 27 ਹਰਪਿੰਦਰ ਸਿੰਘ। | ਰੁ: 1151000 | ਰੁ: 115100 | 23-12-2025 | ਰੁ: 10,000 | 10.12.2025 ਨੂੰ ਸਵੇਰੇ 10 ਵਜੇ ਤੋਂ ਸ਼ਾਮ 5:30 ਵਜੇ ਤੱਕ | 24.12.2025 ਨੂੰ ਬਾ.ਦੁ.2.00 ਵਜੇ ਤੋਂ ਬਾ.ਦੁ. 03:00 ਵਜੇ ਤੱਕ | ਪਤਾ ਨਹੀਂ |

* 18% ਸਾਲਾਨਾ ਦੀ ਦਰ ਨਾਲ ਵਿਆਜ ਸਮੇਤ ਜਿਵੇਂ ਕਿ ਲਾਗੂ ਹੋਵੇ, ਆਕਸਮਿਕ ਖ਼ਰਚੇ, ਲਾਗਤਾਂ, ਚਾਰਜਿਜ਼ ਆਦਿ ਨਾਲ, ਜੋ ਕਿ ਅਦਾਇਗੀ ਦੀ ਮਿਤੀ ਤੱਕ ਅਤੇ/ਜਾਂ ਪ੍ਰਾਪਤੀ ਤਕ। ** ਉੱਪਰ ਲਿਖੀਆਂ ਅਚੱਲ ਸੰਪਤੀਆਂ/ਸਕਿਉਰਡ ਐਸੇਟਸ ’ਤੇ ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ ਦੇ ਅਧਿਕਾਰਤ ਅਫ਼ਸਰ ਦੀ ਪੂਰੀ ਜਾਣਕਾਰੀ ਅਨੁਸਾਰ ਕਾਲਮ ਨੰ ‘ਕੇ’ ਵਿਚ ਦਿੱਤੇ ਅਨੁਸਾਰ ਕੋਈ ਦਾਅਵੇਦਾਰੀਆਂ ਨਹੀਂ ਹਨ। ਜੇਕਰ ਕੋਈ ਝੰਜਟ ਹੋਇਆ ਤਾਂ ਸਫ਼ਲ ਬੋਲੀਕਾਰ/ਖ਼ਰੀਦਦਾਰ ਇਸਦੀ ਅਦਾਇਗੀ ਕਰੇਗਾ। ਇੱਛੁਕ ਬੋਲੀਕਾਰ/ਖ਼ਰੀਦਦਾਰ ਨੂੰ ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦੇ ਝੰਜਟ ਬਾਰੇ ਖੁਦ ਤਸੱਲੀ ਕਰ ਲੈਣ।
1. ਉਪਰੋਕਤ ਅਚੱਲ ਜਾਇਦਾਦਾਂ/ਸਕਿਉਰਡ ਅਸਾਸਿਆਂ ਨੂੰ ਵੇਚਣ, ਦੂਰ ਕਰਨ ਜਾਂ ਡਿਸਪੋਜ਼ ਕਰਨ ਲਈ ਪੀਐਨਬੀਐਚਐਫਐਲ/ਪੀਐਨਬੀਐਚਐਫਐਲ ਦੇ ਅਧਿਕਾਰਤ ਅਫ਼ਸਰ ਨੂੰ ਅਦਾਲਤ ਵੱਲੋਂ ਕੋਈ ਆਦੇਸ਼ ਨਹੀਂ ਹੈ।
2. ਚਾਹਵਾਨ ਖਰੀਦਦਾਰ/ਬੋਲੀਕਾਰ ਅਤੇ ਚਾਹਵਾਨ ਧਿਰਾਂ ਆਜ਼ਾਦਾਨਾ ਤੌਰ ’ਤੇ ਕਾਰਵਾਈ/ਪਾਸ ਹੁਕਮਾਂਆਦਿ ਵਿਚ ਜੇ ਕੋਈ ਹੈ ਦੀ ਪੜਤਾਲ ਕਰ ਸਕਦੇ ਹਨ ਜਿਵੇਂ ਕਿ ਕਾਲਮ ‘ਕੇ’ ਵਿਚ ਦੱਸਿਆ ਗਿਆ ਹੈ। ਜਿਸ ਵਿਚ ਪੀਐਨਬੀਐਚਐਫਐਲ ਦੇ ਦਸਤਾਵੇਜ਼ਾਂ ਨੂੰ ਸ਼ਾਮਲ ਕਰਨਾ ਸੀਮਤ ਨਹੀਂ ਹੈ ਬੋਲੀਕਾਰ/ਟੈਂਡਰਕਾਰ ਆਪਣੇ ਟੈਂਡਰ ਜਮਾਂ ਕਰਾਉਣ ਤੋਂ ਪਹਿਲਾਂ ਆਪਣੀ ਸੰਤੁਸ਼ਟੀ ਕਰ ਲੈਣ। ਬੋਲੀਕਾਰਾਂ ਨੂੰ ਬੋਲੀ ਫਾਰਮ ’ਤੇ ਨਿਲਾਮੀ ਦੇ ਨਿਯਮ ਤੇ ਸ਼ਰਤਾਂ ’ਤੇ ਹਸਤਾਖਰ ਕਰਨੇ ਪੈਂਦੇ ਹਨ।
3. ਕਿਰਪਾ ਕਰਕੇ ਨੋਟ ਕਰੋ ਕਿ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(3) ਤਹਿਤ ਵਿਕਰੀ ਰਕਮ ਦਾ 25% ਕਾਨੂੰਨੀ ਬੌਂਡ ਦੇ ਰੂਪ ਵਿਚ ਉਸੇ ਦਿਨ ਜਮਾਂ ਕਰਾਉਣਾ ਹੋਵੇਗਾ (ਸਮੇਤ ਬਿਆਨਾਂ ਰਕਮ, ਜੇਕਰ ਜਮਾਂ ਕੀਤੀ ਹੈ) ਜਾਂ ਅਗਲੇ ਕੰਮ ਕਾਜ ਵਾਲੇ ਦਿਨ। ਬਾਕੀ ਰਹਿੰਦੀ 75% ਰਕਮ ਸਫ਼ਲ ਖਰੀਦਦਾਰ ਵੱਲੋਂ ਵਿਕਰੀ ਪੁਸ਼ਟੀ ਪੱਤਰ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਜਮਾਂ ਕਰਵਾਈ ਜਾਵੇਗੀ ਅਤੇ ਜੇਕਰ ਖਰੀਦਦਾਰ ਵਿਚ ਅਫ਼ਸਲ ਰਿਹਾ ਤਾਂ ਜਾਇਦਾਦ/ਸਕਿਉਰਡ ਐਸੇਟ ਮੁੜ ਤੋਂ ਵੇਚੀ ਜਾਵੇਗੀ।
4. ਮੈਸ : ਸੀ1 ਇੰਡੀਆ ਪ੍ਰਾਈਵੇਟ ਲਿਮਟਿਡ ਈ ਨਿਲਾਮੀ ਰਾਹੀਂ ਇਸ ਦੇ ਕਾਰਪੋਰੇਟ ਦਫ਼ਤਰ ਪਲਾਟ ਨੰ. 68, ਤੀਜੀ ਮੰਜ਼ਿਲ, ਸੈਕਟਰ 44, ਗੁੜਗਾਓਂ, ਹਰਿਆਣਾ-122003, ਵੈਬਸਾਈਟ : www.bankeauctions.com ਰਾਹੀਂ ਵਿਕਰੀ ਕਰਨ ਵਿਚ ਅਧਿਕਾਰਤ ਅਫ਼ਸਰ ਦੀ ਸਹਾਇਤਾ ਕਰੇਗੀ। ਜਾਇਦਾਦ ਦੀ ਪੜਤਾਲ ਕਰਨ ਜਾਂ ਬੋਲੀ ਦਸਤਾਵੇਜ ਪ੍ਰਾਪਤ ਕਰਨ ਅਤੇ ਕਿਸੇ ਹੋਰ ਪੁੱਛਗਿੱਛ ਲਈ ਜਾਂ ਰਜਿਸਟ੍ਰੇਸ਼ਨ ਲਈ ਕਿਸੇ ਵੀ ਸਹਾਇਤਾ ਲਈ ਪੀਐਨਬੀ ਦੇ ਅਧਿਕਾਰਤ ਅਫ਼ਸਰ ਨਾਲ +91 9289699724/+91 9205559690 ਨਾਲ ਸੰਪਰਕ ਕਰੋ ਜਾਂ ਪੀਐਨਬੀਐਚਐਫਐਲ ਦੇ ਅਧਿਕਾਰਤ ਅਫ਼ਸਰ ਨਾਲ ਜਾਂ www.pnbhhouse.com ਦਾ ਹਵਾਲਾ ਲਓ।

**ਸਥਾਨ : ਜਲੰਧਰ, ਮਿਤੀ : 05.12.2025** **ਅਧਿਕਾਰਤ ਅਫ਼ਸਰ, ਪੀਐਨਬੀ ਹਾਊਸਿੰਗ ਫਾਈਨਾਂਸ ਲਿਮ.**